# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 02 ਦਸੰਬਰ 2025 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਨਸਿਟ ਇੰਡੋ ਕਨੇਡੀਅਨ ਸੀਨੀਅਰ ਸੋਸਾਇਟੀ ਵੈਨਕੂਵਰ ਵੱਲੋਂ ਹਫ਼ਤਾਵਾਰ ਇਕੱਤਰਤਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਵੈਨਕੂਵਰ, 2 ਦਸੰਬਰ : ਸਨਸਿਟ ਇੰਡੋ ਕਨੇਡੀਅਨ ਸੀਨੀਅਰ ਸੋਸਾਇਟੀ ਵੈਨਕੂਵਰ ਦੀਹਫ਼ਤਾਵਾਰ ਬੈਠਕ ਰੂਹਾਨੀ, ਵਿਗਿਆਨਕ ਅਤੇ ਸਮਾਜਿਕ ਚਰਚਾਵਾਂ ਨਾਲ ਰੰਗੀ ਰਹੀ, ਜਿਸ ਵਿੱਚ ਮੈਂਬਰਾਂ ਨੇ ਦੋ ਸਾਥੀਆਂ ਦੇ ਜਨਮ ਦਿਨ ਮਨਾਏ ਅਤੇ ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਵੀ ਸਾਂਝੇ ਕੀਤੇ।



ਸਭਾ ਦੇ ਵਿਸ਼ੇਸ਼ ਬੁਲਾਰੇ ਡਾ. ਜਗਜੀਤ ਸਿੰਘ ਨੇ ਜਵਾਲਾਮੁਖੀ ਫਟਣ ਅਤੇ ਭੂਚਾਲ ਦੇ ਕਾਰਣਾਂ 'ਤੇ ਵਿਗਿਆਨਕ ਜਾਣਕਾਰੀ ਦਿੱਤੀ। ਉਹਨਾਂ ਨੇ ਹਰ ਮਨੁੱਖ ਵਿੱਚ ਤਰਕਸ਼ੀਲ ਅਤੇ ਵਿਗਿਆਨਕ ਸੋਚ ਪੈਦਾ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ। ਗੁਰਚਰਨ ਸਿੰਘ ਵੜੈਚ ਨੇ ਗੁਰੂ ਤੇਗ ਬਹਾਦਰ ਜੀ ਵੱਲੋਂ ਮਾਝੇ-ਮਾਲਵੇ ਵਿੱਚ ਕੀਤੇ ਧਾਰਮਿਕ ਪ੍ਰਚਾਰ ਦਾ ਇਤਿਹਾਸਕ ਵੇਰਵਾ ਪੇਸ਼ ਕੀਤਾ। ਜ਼ਿਲੇ ਸਿੰਘ ਅਤੇ ਸੁਰਜੀਤ ਸਿੰਘ ਭੱਟੀ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

ਸਭਾ ਦੇ ਮੀਤ ਪ੍ਰਧਾਨ ਮੁਖਤਿਆਰ ਸਿੰਘ ਬੋਪਾਰਾਏ ਨੇ ਸੰਯੁਕਤ ਕਿਸਾਨ ਮੋਰਚੇ ਦੀ ਚੰਡੀਗੜ੍ਹ ਰੈਲੀ ਅਤੇ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਚਲਾਈ ਜਾ ਰਹੀ ਹੱਕਾਂ ਦੀ ਲੜਾਈ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ ਕਿ ਇਹੀ ਉਹ ਜਜ਼ਬਾ ਹੈ ਜਿਸ ਨਾਲ ਲੋਕ ਗੁਰੂਆਂ, ਸ਼ਹੀਦਾਂ ਅਤੇ ਗਦਰੀਆਂ ਦੇ ਰਸਤੇ 'ਤੇ ਚੱਲਦੇ ਹੋਏ ਇਨਸਾਫ਼ ਲਈ ਡਟੇ ਹੋਏ ਹਨ। ਵਿਸ਼ੇਸ਼ ਸੱਦੇ 'ਤੇ ਹਾਜ਼ਰ ਪਾਰਕ ਬੋਰਡ ਵੈਨਕੂਵਰ ਦੇ ਕਮਿਸ਼ਨਰ ਜਸਪ੍ਰੀਤ ਸਿੰਘ ਵਿਰਦੀ ਨੂੰ ਮਹੀਨਾਵਾਰ ਸੇਵਾ ਕਾਰਜਾਂ ਲਈ ਸੋਸਾਇਟੀ ਵੱਲੋਂ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸੇ ਮੌਕੇ ਮੱਘਰ ਸਿੰਘ ਬੱਟੂ ਅਤੇ ਸੁਖਜੀਤ ਸਿੰਘ ਗੋਸਲ ਦੇ ਜਨਮ ਦਿਨ ਮਨਾਏ ਗਏ ਅਤੇ ਉਹਨਾਂ ਨੂੰ ਹਾਰ ਪਾ ਕੇ ਯਾਦਗਾਰੀ ਤੋਹਫ਼ੇ ਭੇਟ ਕੀਤੇ ਗਏ। ਮਨਜੀਤ ਸਿੰਘ ਢਿੱਲੋਂ, ਕੁਲਦੀਪ ਸਿੰਘ ਧਾਲੀਵਾਲ, ਗੁਰਨਾਮ ਸਿੰਘ ਖੰਗੂੜਾ, ਕੁਲਦੀਪ ਸਿੰਘ ਜਗਪਾਲ, ਗੁਰਮੀਤ ਸਿੰਘ ਬਰਮੀ ਅਤੇ ਸੁਖਜੀਤ ਸਿੰਘ ਗੋਸਲ ਨੂੰ ਵੀ ਹੌਂਸਲਾ ਅਫਜ਼ਾਈ ਪੱਤਰ ਦਿੱਤੇ ਗਏ।ਅੰਤ ਵਿੱਚ ਸਭਾ ਦੇ ਪ੍ਰਧਾਨ ਗੁਰਬਖ਼ਸ਼ ਸਿੰਘ ਸਿੱਧੂ ਨੇ ਵਿਸ਼ੇਸ਼ ਮਹਿਮਾਨ ਜਸਪ੍ਰੀਤ ਸਿੰਘ ਵਿਰਦੀ ਸਮੇਤ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਜਨਮ ਦਿਨ ਮਨਾਉਣ ਵਾਲੇ ਦੋਵੇਂ ਮੈਂਬਰਾਂ ਨੂੰ ਮੁਬਾਰਕਾਂ ਦਿੱਤੀਆਂ।

## ਅਮਰੀਕਾ ਵਾਸੀ ਖੋਜੀ ਵਿਦਵਾਨ ਧਰਮ ਸਿੰਘ ਗੋਰਾਇਆ ਦੀ ਖੋਜ ਪੁਸਤਕ "ਲੋਕ ਨਾਇਕ ਜੱਗਾ ਸੂਰਮਾ" ਲੁਧਿਆਣਾ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ: 2 ਦਸੰਬਰ : (ਮੈਰੀਲੈਂਡ)ਅਮਰੀਕਾ ਵਾਸੀ ਖੋਜੀ ਵਿਦਵਾਨ ਲੇਖਕ ਸ. ਧਰਮ ਸਿੰਘ ਗੋਰਾਇਆ ਦੀ ਸੱਜਰੀ ਖੋਜ ਪੁਸਤਕ "ਲੋਕ ਨਾਇਕ ਜੱਗਾ ਸੂਰਮਾ" ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਲੋਕ ਅਰਪਣ ਕਰਦਿਆਂ ਬੇਕਰਜ਼ਫੀਲਡ (ਅਮਰੀਕਾ) ਵਿੱਚ ਪੰਜਾਬੀ ਭਵਨ ਉਸਾਰਨ ਵਾਲੇ ਸਾਹਿੱਤ ਪ੍ਰੇਮੀ ਸ. ਅਜੀਤ ਸਿੰਘ ਭੱਠਲ ਨੇ ਕਿਹਾ ਹੈ ਕਿ ਅਸੀਂ ਲੋਕ ਪੰਜਾਬ ਛੱਡ ਕੇ ਪਰਦੇਸੀ ਧਰਤੀਆਂ ਤੇ ਵੱਸਦੇ ਹਾਂ ਪਰ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਸਾਡੇ ਅੰਗ ਸੰਗ ਰਹਿੰਦੀ ਹੈ। ਇਸੇ ਦਾ ਸਬੂਤ ਸ. ਧਰਮ ਸਿੰਘ ਗੋਰਾਇਆ ਦੀ ਸੱਜਰੀ ਖੋਜ ਪੁਸਤਕ " ਲੋਕ ਨਾਇਕ ਜੱਗਾ ਸੂਰਮਾ"ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਟੂਡੈਂਟਸ ਯੂਨੀਅਨ ਵਿੱਚ ਵੱਖ ਵੱਖ ਜ਼ਿਲ੍ਹਿਆਂ ਵਿੱਚ ਅਸੀਂ ਕੰਮ ਕੀਤਾ ਹੋਣ ਕਰਕੇ ਸਾਨੂੰ ਸਮਾਜਿਕ ਜ਼ੁੰਮੇਵਾਰੀ ਦਾ ਅਹਿਸਾਸ ਬਦੇਸ਼ ਜਾ ਕੇ ਵੀ ਓਨਾ ਹੀ ਹੈ ,ਜਿੰਨਾ ਪੰਜਾਬ ਰਹਿੰਦਿਆਂ ਸੀ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਜੱਗਾ ਸੂਰਮਾ ਪੰਜਾਬ ਦੀ ਅਣਖੀਲੀ ਮਿੱਟੀ ਦਾ ਜਾਇਆ ਹੈ ਜੋ ਨਿੱਕੇ ਨਿੱਕੇ ਸ਼ਾਹੂਕਾਰਾਂ ਦੇ ਜ਼ੁਲਮ ਤੋਂ ਮੁਕਤੀ ਲਈ ਕਾਫ਼ਲਾ ਬਣਾ ਕੇ ਤੁਰਦਾ ਹੈ। ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਵਿੱਚ ਸ਼ਾਮਲ ਮਹੰਤਾਂ ਨੂੰ ਸੋਧਦਾ ਹੈ। ਬੱਬਰ ਅਕਾਲੀਆਂ ਦਾ ਸੰਗੀ ਬਣਦਾ ਹੈ। ਅੰਗਰੇਜ਼ ਹਕੂਮਤ ਨੇ ਉਸ ਨੂੰ ਡਾਕੂ ਕਹਿ ਕੇ ਬਦਨਾਮ ਕੀਤਾ ਤੇ ਉਸ ਨੂੰ ਆਪਣੇ ਲਾਲਚੀ ਕਾਰਿੰਦਿਆਂ ਤੋਂ ਖ਼ਤਮ ਕਰਵਾ ਸੁੱਟਿਆ। ਉਸ ਨੂੰ ਲੋਕ – ਮਨ ਵਿੱਚ ਡਾਕੂ ਧੁੰਮਾਇਆ ਗਿਆ। ਉਨ੍ਹਾਂ ਕਿਹਾ ਕਿ ਬੋਲੀਆਂ ਵਿੱਚ ਉਸ ਦਾ ਲੋਕ ਪੱਖੀ ਸੰਘਰਸ਼ ਗ਼ੈਰ ਹਾਜ਼ਰ ਹੈ। ਸ. ਧਰਮ ਸਿੰਘ ਗੋਰਾਇਆ (ਮੈਰੀਲੈਂਡ) ਅਮਰੀਕਾ ਵੱਸਦਿਆਂ ਜੱਗਾ ਸੂਰਮਾ ਨਾਲ ਸਬੰਧਿਤ ਮੂਲ ਇਤਿਹਾਸਕ ਤੇ ਮੌਖਿਕ ਸੋਮਿਆਂ ਤੀਕ ਪਹੁੰਚ ਕਰਕੇ "ਜੱਗਾ ਡਾਕੂ"ਦੀ ਥਾਂ "ਜੱਗਾ ਸੂਰਮਾ" ਪੁਸਤਕ ਲਿਖ ਕੇ ਜੱਗੇ ਦੀ ਧੀ ਰੇਸ਼ਮ ਕੌਰ ਦਾ ਉਲਾਂਭਾ ਹੀ ਨਹੀਂ ਲਾਹਿਆ ਸਗੋਂ ਇਤਿਹਾਸ ਵਿੱਚ ਪਏ ਭੁਲੇਖੇ ਵੀ ਦੂਰ ਕੀਤੇ ਹਨ। ਲੋਕ ਨਾਇਕ ਕਹਾਉਣ ਦੇ ਸਮਰੱਥ "ਜੱਗਾ ਸੂਰਮਾ"ਨੂੰ ਪਾਠਕ ਹੁਣ ਵੱਖਰੀ ਨਜ਼ਰ ਨਾਲ ਵੇਖ ਸਕਣਗੇ।





ਸੱਰੀ(ਕੈਨੇਡਾ) ਤੋਂ ਆਏ ਰਵਾਇਤੀ ਪੰਜਾਬੀ ਲੋਕ ਗਾਇਕੀ ਦੇ ਨੌਜਵਾਨ ਪੇਸ਼ਕਾਰ " ਦਾ ਫੋਕ ਟਰਬਨੇਟਰਜ਼" ਨੇ ਵੀ ਇਸ ਮੌਕੇ ਆਪਣੀ ਸੰਗੀਤ ਪੇਸ਼ਕਾਰੀ ਕਰਕੇ ਸਾਬਤ ਕੀਤਾ ਕਿ ਧਰਤੀ ਕੋਈ ਵੀ ਹੋਵੇ, ਵਿਰਾਸਤ ਹਰ ਸਾਹ ਦੇ ਨਾਲ ਨਾਲ ਤੁਰਦੀ ਹੈ। ਇਸ ਗਰੁੱਪ ਦੇ ਮੈਂਬਰ ਅਰਸ਼ ਰਿਆਜ਼ ਨੇ ਦੱਸਿਆ ਕਿ ਉਹ ਸੰਗੀਤ ਮਾਰਤੰਡ ਉਸਤਾਦ ਜਸਵੰਤ ਭੰਵਰਾ ਦੇ ਉੱਤਰਾ ਅਧਿਕਾਰੀ ਬਾਬਾ ਜ਼ੋਰਾ ਸਿੰਘ ਜੀ ਧਰਮਕੋਟ ਵਾਲਿਆਂ ਦਾ ਸ਼ਾਗਿਰਦ ਹੋਣ ਕਾਰਨ ਪੱਕੇ ਸੁਰ ਦਾ ਅਭਿਆਸੀ ਹੈ। ਇਹੀ ਗੁਣ ਉਨ੍ਹਾਂ ਦੀ ਪਛਾਣ ਦੇਸ ਬਦੇਸ਼ ਵਿੱਚ ਪਰਪੱਕ ਕਰ ਰਿਹਾ ਹੈ।

ਇਸ ਮੌਕੇ ਸ. ਮਲਕੀਤ ਸਿੰਘ ਭੱਠਲ ਬੇਕਰਜ਼ਫੀਲਡ, ਉੱਘੇ ਡੇਅਰੀ ਫਾਰਮਰ ਦਮਨ ਸ਼ਰਮਾ,ਸਾਬਕਾ ਸਰਪੰਚ ਸ. ਸੁਖਵੰਤ ਸਿੰਘ ਚੱਕ ਕਲਾਂ(ਲੁਧਿਆਣਾ) , ਜਗਜੀਵਨ ਸਿੰਘ ਮੋਹੀ ਤੇ ਕੁਝ ਹੋਰ ਸੱਜਣ ਹਾਜ਼ਰ ਸਨ।

## ਪੰਜਾਬ ਦੇਸ਼ ਦਾ ਸਭ ਤੋਂ ਵੱਧ ਕਰਜ਼ਾਈ ਸੂਬਾ
### ਹਰੇਕ ਪੰਜਾਬ ਵਾਸੀ ਔਸਤ ਸਵਾ ਲੱਖ ਰੁਪਏ ਦਾ ਕਰਜ਼ਾਈ
### ਕੇਜ਼ਰੀਵਾਲ ਦੀਆਂ ਪਾਲਿਸਿਆਂ ਕੇਵਲ ਹਵਾਈ ਮਹਿਲ ਸਾਬਿਤ ਹੋਈਆਂ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਬਠਿੰਡਾ,2 ਦਸੰਬਰ : ਕਿਸੇ ਸਮੇਂ ਪੂਰੇ ਪੰਜਾਬ ਦਾ ਅੰਨਦਾਤਾ ਅਤੇ ਸੋਨੇ ਦੀ ਚਿੜੀ ਅਖਵਾਉਣ ਵਾਲਾ ਪੰਜਾਬ ਅੱਜ ਦੇਸ ਦੇ ਸਭਤੋਂ ਵੱਧ ਕਰਜ਼ਾਈ ਸੂਬੇ ਦੇ ਤੌਰ ਤੇ ਜਾਣਿਆ ਜਾਂਦਾ ਹੈ। ਦੱਸ ਦੇਈਏ ਕਿ ਅੱਜ ਦੇ ਤਾਜ਼ਾ ਅੰਕੜਿਆਂ ਅਨੁਸਾਰ ਅੱਜ ਹਰੇਕ ਪੰਜਾਬ ਵਾਸੀ ਔਸਤ 1,23,274 ਰੁਪਏ ਦਾ ਕਰਜ਼ਾਈ ਹੈ। ਇਸਨੂੰ ਪੰਜਾਬ ਅਤੇ ਪੰਜਾਬ ਵਾਸੀਆਂ ਦੀ ਮਾੜੀ ਕਿਸਮਤ ਹੀ ਕਿਹਾ ਜਾ ਸਕਦਾ ਹੈ ਕਿ ਪਿਛਲੇ ਕਰੀਬ 70 ਸਾਲਾਂ ਤੋਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹੀ ਸੂਬੇ ਦੇ ਲੋਕਾਂ ਨਾਲ ਵਿਸ਼ਵਾਸਘਾਤ ਕਰਕੇ ਜਿੱਥੇ ਆਪਣੇ ਘਰਾਂ ਦੇ ਨਾਲ ਨਾਲ ਆਪਣੇ ਵਿਦੇਸ਼ੀ ਬੈਂਕ ਖਾਤੇ ਭਰਦੇ ਆ ਰਹੇ ਹਨ ਉੱਥੇ ਹੀ ਆਏ ਦਿਨ ਪੰਜਾਬ ਨੂੰ ਗਰੀਬੀ ਅਤੇ ਕਰਜ਼ੇ ਥੱਲੇ ਦਬਦੇ ਆਏ ਹਨ। ਪਿਛਲੀਆਂ ਸਰਕਾਰਾਂ ਜਾਂ ਇਹ ਕਹਿ ਲਈਏ ਕਿ ਰਵਾਇਤੀ ਪਾਰਟੀਆਂ ਤੋਂ ਅੱਕੇ ਲੋਕਾਂ ਨੇ ਇਸ ਵਾਰ 2022 ਵਿਧਾਨ ਸਭਾ ਚੋਣਾਂ ਵਿੱਚ ਜਿਹੜੀ ਆਮ ਲੋਕਾਂ ਦੀ ਅਖਵਾਉਣ ਵਾਲੀ ਆਮ ਆਦਮੀ ਪਾਰਟੀ ਨੂੰ ਬੜੀਆਂ ਉਮੀਦਾਂ ਨਾਲ ਭਾਰੀ ਬਹੁਮਤ ਦੇ ਨਾਲ ਪੰਜਾਬ ਦੀ ਸੱਤਾ ਸੌਂਪੀ ਸੀ ਪਰ ਉਸ ਪਾਰਟੀ ਨੇ ਲੋਕਾਂ ਨਾਲ ਸਭਤੋਂ ਵੱਧ ਵਿਸ਼ਵਾਸਘਾਤ ਕਰਦਿਆਂ ਪਿਛਲੀਆਂ ਸਰਕਾਰਾਂ ਦੇ ਕਰੀਬ ਪੰਜਾਹ ਸਾਲ ਦੇ ਕਾਰਜਕਾਲ ਦੇ ਬਰਾਬਰ ਦਾ ਕਰਜ਼ਾ ਮਾਤਰ 4 ਸਾਲਾਂ ਚ ਚਾੜ੍ਹ ਅੱਜ ਪੰਜਾਬ ਨੂੰ ਪ੍ਰਤੀ ਵਿਆਕਤੀ ਵੱਧ ਕਰਜ਼ਾਈ ਸੂਬਿਆਂ ਦੀ ਕਤਾਰ ਚੋਂ ਪਹਿਲੇ ਸਥਾਨ ਤੇ ਲਿਆ ਖੜ੍ਹਾ ਕੀਤਾ ਹੈ।





ਪੀ ਆਰ ਐੱਸ ਲਾਜਿਸਲੇਟਿਵ ਰਿਸਰਚ ਇੰਸਟਚਿਊਟ ਦੇ ਤਾਜਾ ਅੰਕੜੇ ਦੱਸਦੇ ਹਨ ਕਿ ਅੱਜ ਪੰਜਾਬ ਦੇ ਹਰੇਕ ਨਾਗਰਿਕ ਦੇ ਸਿਰ ਔਸਤ ਸਵਾ ਲੱਖ ਦੇ ਕਰੀਬ ਕਰਜ਼ਾ ਹੈ ਅਤੇ ਕਰਜੇ ਦੀ ਪੰਡ ਅਏ ਦਿਨ ਹੋਰ ਭਾਰੀ ਹੁੰਦੀ ਜਾ ਰਹੀ ਹੈ। ਇਸ ਦੇ ਮੁਕਾਬਲੇ ਜੇਕਰ ਦੂਜੇ ਸੂਬਿਆਂ ਦੀ ਗੱਲ ਕੀਤੀ ਜਾਵੇ ਤਾਂ ਦੂਜੇ ਸਥਾਨ ਤੇ ਕੇਰਲ 1,20,444 ਰੁਪਏ ਪ੍ਰਤੀ ਨਾਗਰਿਕ ਕਰਜ਼ਾ, ਤੀਜੇ ਸਥਾਨ ਤੇ ਮਹਾਰਾਸ਼ਟਰ 65,568 ਰੁਪਏ ਪ੍ਰਤੀ ਨਾਗਰਿਕ, ਚੌਥੇ ਨੰਬਰ ਤੇ ਗੁਜਰਾਤ 54,655 ਰੁਪਏ ਪ੍ਰਤੀ ਨਾਗਰਿਕ ਅਤੇ 21,220 ਰੁਪਏ ਪ੍ਰਤੀ ਨਾਗਰਿਕ ਕਰਜ਼ੇ ਦੀ ਦਰ ਨਾਲ ਬਿਹਾਰ ਦੇਸ ਦੇ ਪੰਜਵੇ ਨੰਬਰ ਦਾ ਕਰਜ਼ਾਈ ਹੈ।

ਦੱਸ ਦਈਏ ਕਿ ਸੂਬੇ ਦਾ ਪ੍ਰਤੀ ਵਿਅਕਤੀ ਕਰਜਾ ਉਹ ਔਸਤ ਕਰਜਾ ਹੈ ਜੋ ਕਿਸੇ ਸੂਬੇ ਦੇ ਹਰ ਨਾਗਰਿਕ ਸਿਰ ਉਸ ਦ ਕੁੱਲ ਸਰਕਾਰੀ ਕਰਜੇ ਦੇ ਅਧਾਰ ਤੇ ਬਕਾਇਆ ਹੁੰਦਾ ਹੈ। ਇਸ ਦੀ ਗਣਨਾ ਸੂਬੇ ਦੇ ਕੁੱਲ ਕਰਜੇ ਨੂੰ ਉਸਦੀ ਕੁਲ ਆਬਾਦੀ ਨਾਲ ਵੰਡ ਕੇ ਕੀਤੀ ਜਾਂਦੀ ਹੈ। ਇਹ ਸੂਬੇ ਦੀ ਵਿੱਤੀ ਸਥਿਤੀ ਅਤੇ ਕਰਜੇ ਦੇ ਬੋਝ ਦਾ ਇੱਕ ਮਹੱਤਵਪੂਰਨ ਸੂਚਕ ਹੈ।

ਹੁਣ ਜੇ ਕਰ ਪੰਜਾਬ ਦੀ ਵਿਧਾਨ ਸਭਾ 2022 ਦੀਆਂ ਵੋਟਾਂ ਤੋਂ ਪਹਿਲਾਂ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਦੀ ਸੱਤਾ ਤੇ ਕਾਬਜ਼ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੀਆਂ ਲੋਕਾਂ ਨੂੰ ਵਿਖਾਈਆਂ ਗਈਆਂ ਪਾਲਸੀਆਂ ਜਿੰਨਾ ਚ ਕਿਹਾ ਗਿਆ ਸੀ ਕਿ ਆਉਂਦੇ ਪੰਜ ਸਾਲਾਂ ਚ ਪੰਜਾਬ ਦੇ ਕਰਜ਼ੇ ਦੀ ਪਾਈ ਪਾਈ ਉਤਾਰ ਦਿੱਤੀ ਜਾਵੇਗੀ ਅਤੇ ਅਗਲੀਆਂ ਵੋਟਾਂ ਵੇਲੇ ਪਾਰਟੀ ਆਪਣੇ ਕੰਮਾਂ ਦੇ ਅਧਾਰ ਤੇ ਵੋਟਾਂ ਮੰਗਣ ਲੋਕਾਂ ਦੇ ਦੁਆਰ ਜਾਵੇਗੀ ਕੇਵਲ ਹਵਾਈ ਮਹਿਲ ਹੀ ਸਾਬਿਤ ਹੋਏ ਹਨ।

## ਯਾਦਗਰੀ ਹੋ ਨਿੱਬੜਿਆ ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਵਲੋਂ ਕਰਵਾਇਆ ਗਿਆ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ



ਚੰਡੀਗੜ੍ਹ, 2 ਦਸੰਬ ਰ : ਬੀਤੀ ਦਿਨੀਂ ਐਤਵਾਰ ਨੂੰ ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਵੱਲੋਂ ਆਪਣੇ ਲੜੀਵਾਰ ਪ੍ਰੋਗਰਾਮਾਂ ਦੇ "ਕਲਾਮ ਪੇਸ਼ ਹੈ" ਸਿਰਲੇਖ ਹੇਠ ਕਵੀ ਦਰਬਾਰ ਕਰਵਾਇਆ ਗਿਆ। ਇਸ ਵਿੱਚ ਇਟਲੀ ਤੋਂ ਇਲਾਵਾ ਜਰਮਨੀ, ਪੁਰਤਗਾਲ, ਅਮਰੀਕਾ, ਪੰਜਾਬ ਅਤੇ ਹਰਿਆਣਾ ਦੇ ਸ਼ਾਇਰਾਂ ਨੇ ਵੱਧ ਚੜ੍ਹਕੇ ਹਿੱਸਾ ਲਿਆ । ਇਹ ਕਵੀ ਦਰਬਾਰ ਇੱਕ ਯਾਦਗਰੀ ਹੋ ਨਿੱਬੜਿਆ। "ਕਲਾਮ ਪੇਸ਼ ਹੈ" ਦੀ ਸ਼ੁਰੂਆਤ ਕਰਦਿਆਂ ਮੰਚ ਦੇ ਸੂਪਰਸਤ ਬਿੰਦਰ ਕੋਲੀਆਂ ਵਾਲ ਨੇ ਸਾਰੇ ਸ਼ਾਇਰਾਂ ਨੂੰ ਜੀ ਆਇਆਂ ਆਖਿਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੰਭਾਲਦੇ ਹੋਏ ਮੁਖਤਾਰ ਸਿੰਘ ਚੰਦੀ ਨੇ ਆਪਣੇ ਸ਼ੇਅਰ "ਜੀਓ ਆਇਆਂ ਸਾਰਿਆਂ ਨੂੰ! ਜਾਨ ਤੋਂ ਪਿਆਰਿਆਂ ਨੂੰ!ਦਿਓ ਜੀ ਇਜਾਜ਼ਤ ਗੱਲਬਾਤ ਕਰੀਏ! ਰੱਬ ਜੀ ਦਾ ਨਾਮ, ਲੈ ਕੇ ਲਫ਼ਜ਼ਾਂ ਦਾ ਜਾਮ ਲੈ ਕੇ, ਦਿਓ ਜੀ ਅਸੀਸਾਂ ਸ਼ੁਰੂਆਤ ਕਰੀਏ!" ਨਾਲ ਗ਼ਜ਼ਲਗੋ ਗੁਰਚਰਨ ਸਿੰਘ ਜੋਗੀ ਨੂੰ ਸੱਦਾ ਦਿੱਤਾ। ਉਹਨਾਂ ਨੇ ਆਪਣੀ ਗ਼ਜ਼ਲ, "ਜਾਪਦਾ ਅੱਜ ਫਿਰ ਵਿਗੜੇਗਾ ਮਾਹੌਲ, ਸ਼ੋਰ ਜੋ ਚੁੱਪ ਦਾ ਸੁਨਾਈ ਦੇ ਰਿਹਾ!" ਨਾਲ ਖੂਬ ਰੰਗ ਬੰਨ੍ਹਿਆ। ਜਸਵਿੰਦਰ ਕੌਰ ਮਿੰਟੂ ਨੇ "ਡਾਹਢੀ ਨਫ਼ਰਤ ਦਿਲਾਂ ਵਿੱਚੋਂ ਕੱਢਕੇ ਪ੍ਰੇਮ ਕਹਾਣੀ ਵਰਗੀ ਹੋ ਜਾਹ!" ਨਾਲ ਆਪਣੀ ਹਾਜ਼ਰੀ ਲਗਵਾਈ। ਅਗਲਾ ਸੱਦਾ ਮਲਕੀਤ ਮੀਤ ਨੂੰ ਦਿੱਤਾ ਗਿਆ। ਉਹਨਾਂ ਨੇ "ਮਾਂ ਬੋਲੀ ਪੰਜਾਬੀਏ ਮੈਂ ਤੈਨੂੰ ਸੀਸ ਝੁਕਵਾ" ਨਾਲ ਆਪਣੀ ਮਾਂ ਬੋਲੀ ਦੀ ਉਪਮਾ ਕਰਕੇ ਸਜਦਾ ਕੀਤਾ। ਯਾਦਵਿੰਦਰ ਸਿੰਘ ਬਾਗੀ ਨੇ ਆਪਣੇ ਗੀਤ "ਜਿਹਦੀ ਬੁੱਕਲ ਤੂੰ ਖੇਡਦਾ ਉਹਨੇ ਨਹੀਂ ਤੇਰੀ ਬੁੱਕਲ ਵਿੱਚ ਆਉਣਾ!" ਨਾਲ ਕੁਦਰਤ ਦੀ ਗੱਲ ਕੀਤੀ। ਕਰਮਜੀਤ ਕੌਰ ਰਾਣਾ ਨੇ ਆਪਣੀ ਹਾਜ਼ਰੀ "ਕੁੱਝ ਇੱਛਾਵਾਂ ਮੈਂ ਆਟੇ ਦੇ ਵਿੱਚ ਗੁੰਨ ਦਿੱਤੀਆਂ! ਕੁੱਝ ਇੱਛਾਵਾਂ ਪੇੜੇ ਦੇ ਵਿੱਚ ਤੁੰਨ ਦਿੱਤੀਆਂ! " ਨਾਲ ਵੱਖਰਾ ਰੰਗ ਪੇਸ਼ ਕੀਤਾ। ਅਗਲੇ ਸੱਦੇ ਉੱਪਰ ਗੋਲਡੀ ਬਾਵਾ ਨੇ "ਉਏ ਕੀ ਪਤਾ ਕੱਦ ਸੱਦ ਲੈ ਬਾਬਾ" ਨਾਲ ਆਪਣੀ ਹਾਜ਼ਰੀ ਲਗਵਾਈ। ਪੋਲੀ ਬਰਾੜ ਜੀ ਨੇ "ਜੀਵਨ ਰੰਗ ਮੰਚ ਕਿਰਦਾਰ ਨਿਭਾਉਂਦੇ ਚਲੇ ਜਾਂਦੇ! " ਨਾਲ ਦੁਨੀਆਂਦਾਰੀ ਦੀ ਗੱਲ ਕੀਤੀ। ਸੋਹਨ ਸਿੰਘ ਸੁਨੀਲਾ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸਮਰਪਿਤ "ਗੋਬਿੰਦ ਦਿਆ ਲਾਲਾਂ ਨੇ ਹੱਸਕੇ ਜਾ ਸ਼ਹੀਦੀਆਂ ਪਾਈਆਂ! " ਗਾ ਕੇ ਉਨ੍ਹਾਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਦਿੱਤੀ। ਅਗਲੇ ਸੱਦੇ ਉੱਪਰ ਅੰਜੂ ਅਮਨਦੀਪ ਗਰੋਵਰ "ਆ ਸੱਜਣਾ ਬਹਿ ਕੋਲ ਕਦੇ! ਦਿਲ ਦੇ ਵਰਕੇ ਫੋਲ ਕਦੇ!" ਨਾਲ ਮੋਹ ਭਿੱਜੇ ਗੁੱਸੇ-ਗਿਲੇ ਦੀ ਗੱਲ ਕੀਤੀ। ਬਾਜਵਾ ਸਿੰਘ ਨੇ ਨਸ਼ਿਆ ਦੀ ਗੱਲ ਆਪਣੇ ਗੀਤ, "ਨਸ਼ਿਆ ਦੇ ਲੜ ਲੱਗਕੇ ਕਾਹਤੋਂ ਰੋਲ ਦਾ ਜਵਾਨੀ! " ਪੰਜਾਬ ਦੀ ਜਵਾਨੀ ਨੂੰ ਉਸਾਰੂ ਸੁਨੇਹਾ ਦਿੱਤਾ । ਚਰਚਿਤ ਗੀਤਕਾਰ ਰਾਣਾ ਅਠੌਲਾ ਨੇ ਆਪਣੇ ਗੀਤ, "ਮਿਹਨਤਾਂ ਦੇ ਮੁੱਲੋ ਵਾਂਝੇ ਰਹਿੰਦੇ ਗੀਤਕਾਰ ਨੇ!" ਵਿੱਚ ਗੀਤਕਾਰਾਂ ਨਾਲ ਹੋ ਰਹੇ ਧੱਕੇ ਦੀ ਗੱਲ ਕੀਤੀ। ਅਸਲ ਵਿੱਚ ਇਸ ਨਿਹੋਰਾ ਨੁਮਾ ਗੀਤ ਵਿੱਚ ਰਾਣਾ ਅਠੌਲਾ ਨੇ ਗੀਤਕਾਰਾਂ ਅਤੇ ਗਾਇਕਾਂ ਦੇ ਆਰਥਿਕ ਅਤੇ ਸਮਾਜਿਕ ਹਾਲਾਤਾਂ ਵਿਚਲੇ ਪਾੜੇ ਨੂੰ ਉਜਾਗਰ ਕੀਤਾ ਹੈ! ਹਾਜ਼ਰ ਕਵੀਆਂ ਨੇ ਰਾਣਾ ਅਠੌਲਾ ਦੀ ਭਰਪੂਰ ਪ੍ਰਸ਼ੰਸਾ ਕੀਤੀ! ਸਰਬਜੀਤ ਸਿੰਘ ਜਰਮਨੀ ਨੇ ਆਪਣੀ ਰਚਨਾ "ਚੜ੍ਹਿਆ ਮਹੀਨਾ ਮੱਘਰ ਦਾ!" ਨਾਲ ਮੌਸਮ ਦੀ ਗੱਲ ਕੀਤੀ। "ਮੋਤੀ ਸ਼ਾਇਰ ਪੰਜਾਬੀ" ਨੇ ਆਪਣੀ ਹਾਜ਼ਰੀ ਡਾ. ਜਗਤਾਰ ਦੀ ਗ਼ਜ਼ਲ, "ਲੱਥੀ ਕਿਸੇ ਮਹਿੰਦੀ ਕੋਈ ਕਿਵੇਂ ਲਗਾਏ! " ਨਾਲ ਵਾਹ-ਵਾਹ ਖੱਟੀ। ਸਭਾ ਦੇ ਸਰਪ੍ਰਸਤ ਬਿੰਦਰ ਕੋਲੀਆਂ ਵਾਲ ਨੇ, "ਕਿਹਨਾਂ ਅੱਖੀਆਂ ਨਾਲ ਕਰਾਂ ਦੀਦ ਤੇਰੀ ਅਸੀਂ ਰੋ-ਰੋ ਨੈਣ ਗਵਾਏ ਸੱਜਣਾ!" ਨਾਲ ਆਪਣੀ ਹਾਜ਼ਰੀ ਭਰੀ। ਕਵੀ ਦਰਬਾਰ ਦੇ ਸੰਚਾਲਕ ਮੁਖਤਾਰ ਸਿੰਘ ਚੰਦੀ ਨੇ "ਕਲੀਆਂ ਵਰਗੇ ਹਾਸੇ ਤੇਰੇ ਫ਼ੁੱਲਾਂ ਜਿਹੀ ਖੁਸ਼ਬੋ ਸੱਜਣਾ!" ਤਰੰਨਮ ਵਿੱਚ ਗਾ ਕੇ ਜਿਵੇਂ ਮਹਿਫ਼ਲ ਹੀ ਲੁੱਟ ਲਈ । ਕਵੀ ਦਰਬਾਰ ਵਿੱਚ ਉਹਨਾਂ ਸਰੋਤਿਆਂ ਦੇ ਨਾਂ ਵੀ ਨਸ਼ਰ ਕੀਤੇ ਗਏ ਜਿਹਨਾਂ ਨੇ ਚੱਲਦੇ ਕਵੀ ਦਰਬਾਰ ਵਿੱਚ ਆਪਣੀਆਂ ਟਿੱਪਣੀਆਂ ਨਾਲ ਹੌਸਲਾ ਵਧਾਇਆ । ਪ੍ਰੋਗਰਾਮ ਦੇ ਆਖਿਰ ਵਿੱਚ ਮੋਤੀ ਸ਼ਾਇਰ ਪੰਜਾਬੀ ਵੱਲੋਂ ਕਵੀਆਂ ਅਤੇ ਕਵਿਤ੍ਰੀਆਂ ਦੇ ਨਾਲ-ਨਾਲ ਸਰੋਤਿਆਂ ਦਾ ਵੀ ਧੰਨਵਾਦ ਕੀਤਾ ਗਿਆ ਅਤੇ ਉਮੀਦ ਜ਼ਾਹਿਰ ਕੀਤੀ ਕਿ ਉਹਨਾਂ ਦੇ ਮੁਹੱਬਤੀ ਪੈਗ਼ਾਮ ਕਾਫ਼ਲੇ ਨੂੰ ਊਰਜਾ ਪ੍ਰਦਾਨ ਕਰਦੇ ਰਹਿਣਗੇ!

## ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਕਵੀ-ਦਰਬਾਰ

ਵਰਲਡ ਪੰਜਾਬੀ ਟਾਈਮਜ਼ ਗੁਰਦਰਸ਼ਨ ਸਿੰਘ ਮਾਵੀ

ਚੰਡੀਗੜ੍ਹ 2 ਦਸੰਬਰ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੀ ਮਾਸਿਕ ਇਕੱਤਰਤਾ ਰੋਟਰੀ ਭਵਨ ,ਸੈਕਟਰ 70, ਮੋਹਾਲੀ ਵਿਖੇ ਹੋਈ ਜਿਸ ਦੇ ਪ੍ਰਧਾਨਗੀ ਮੰਡਲ ਵਿਚ ਡਾ. ਸ਼ਿੰਦਰਪਾਲ ਸਿੰਘ, ਡਾ. ਮਨਜੀਤ ਸਿੰਘ ਬੱਲ, ਪ੍ਰਸਿੱਧ ਲੇਖਕ ਬਾਬੂ ਰਾਮ ਦੀਵਾਨਾ ਅਤੇ ਕੇਂਦਰ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਸ਼ਾਮਲ ਸਨ। ਮਾਵੀ ਜੀ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹੀਦੀ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਬਲਵਿੰਦਰ ਸਿੰਘ ਢਿੱਲੋਂ ਨੇ ਗੁਰੂ ਜੀ ਬਾਰੇ ਗੁਰਦੇਵ ਮਾਨ ਦਾ ਲਿਖਿਆ ਗੀਤ ਪੇਸ਼ ਕੀਤਾ।ਤੂੰਬੀ ਦੀ ਟੁਣਕਾਰ ਨਾਲ ਰਤਨ ਬਾਬਕਵਾਲਾ ਨੇ ਭਾਈ ਜੈਤਾ ਜੀ ਵਲੋਂ ਗੁਰੂ ਜੀ ਦਾ ਸੀਸ ਲਿਆਉਣ ਦੀ ਗਾਥਾ ਨੂੰ ਸੁਣਾਇਆ।ਕਰਨੈਲ ਸਿੰਘ, ਦਰਸ਼ਨ ਸਿੰਘ ਸਿੱਧੂ,ਸੁਖਦੇਵ ਸਿੰਘ ਕਾਹਲੋਂ,ਮੰਦਰ ਗਿੱਲ ਸਾਹਿਬਚੰਦੀਆ, ਹਰਜੀਤ ਸਿੰਘ, ਸਰਬਜੀਤ ਸਿੰਘ ਪੱਡਾ, ਦਰਸ਼ਨ ਤਿਊਣਾ,ਬਾਬੂ ਰਾਮ ਦੀਵਾਨਾ,ਨੇ ਧਾਰਮਿਕ ਗੀਤ ਸੁਣਾ ਕੇ ਗੁਰੂਆਂ ਦੇ ਜੀਵਨ ਨਾਲ ਸਬੰਧਤ ਵੱਖ ਵੱਖ ਘਟਨਾਵਾਂ ਨੂੰ ਯਾਦ ਕਰਵਾਇਆ।ਨਰਿੰਦਰ ਕੌਰ ਲੌਂਲਗੀਅਆ,ਡਾ. ਮਨਜੀਤ






ਸਿੰਘ ਮਝੈਲ,ਪਰਤਾਪ ਪਾਰਸ ਗੁਰਦਾਸਪੁਰੀ, ਗੁਰਦਰਸ਼ਨ ਸਿੰਘ ਮਾਵੀ, ਸਵਰਨਜੀਤ ਸਿੰਘ, ਪ੍ਰੋ. ਕੇਵਲਜੀਤ ਸਿੰਘ,ਚਰਨਜੀਤ ਸਿੰਘ ਕਲੇਰ ਨੇ ਕਵਿਤਾਵਾਂ ਰਾਹੀਂ ਗੁਰੂਆਂ ਦੇ ਗੁਣਗਾਨ ਕੀਤੇ। ਡਾ.ਮਨਜੀਤ ਸਿੰਘ ਬੱਲ ਨੇ ਸਿੱਖ ਇਤਿਹਾਸ ਬਾਰੇ ਕੁੱਝ ਅਣਗੌਲੇ ਪੱਖ ਉਜਾਗਰ ਕੀਤੇ ਅਤੇ ਇਕ ਗੀਤ ਸੁਣਾਇਆ।ਡਾ. ਸ਼ਿੰਦਰਪਾਲ ਸਿੰਘ ਜੀ ਨੇ ਦੱਸਿਆ ਕਿ ਸਾਡੇ ਗੁਰੂਆਂ ਦੀਅਆਂ ਕੁਰਬਾਨੀਆਂ, ਸਿਖਿਆਵਾਂ ਅਤੇ ਸੱਚ ਦੀ ਬਾਣੀ ਕਰਕੇ ਪੰਜਾਬ ਹਮੇਸ਼ਾ ਜਬਰ ਜੁਲਮ ਦੇ ਵਿਰੁੱਧ ਖੜ੍ਹਦਾ ਆਇਆ ਹੈ।ਹੁਣ ਵੀ ਸਰਕਾਰ ਦੇ ਤਾਨਾਸ਼ਾਹੀ ਵਤੀਰੇ ਨੂੰ ਮੂੰਹ ਮੋੜਵਾਂ ਜਵਾਬ ਪੰਜਾਬ ਹੀ ਦੇ ਰਿਹਾ ਹੈ।ਅਖੀਰ ਵਿਚ ਮੰਚ ਸੰਚਾਲਨ ਕਰ ਰਹੇ ਗੁਰਦਰਸ਼ਨ ਸਿੰਘ ਮਾਵੀ ਨੇ ਸਭ ਦਾ ਧੰਨਵਾਦ ਕੀਤਾ।ਇਸ ਮੌਕੇ ਐਡਵੋਕਟ ਨਰਿੰਦਰ ਕੁਮਾਰ,ਹਰਮਿੰਦਰ ਸਿੰਘ ਕਾਲੜਾ,ਪ੍ਰਲਾਦ ਸਿੰਘ, ਨੀਰੂ ਵਰਮਾ,ਸੁਰਿੰਦਰ ਕੌਰ, ਕੁਲਵਿੰਦਰ ਕੌਰ ਕਿੰਦਰ, ਵੈਸ਼ਾਲੀ ਹਾਜਰ ਸਨ।

## ਮਾਨਸਰੋਵਰ ਦਾ ਲਾਈਵ ਪ੍ਰੋਗਰਾਮ ਸਰੋਤਿਆਂ ਦੇ ਦਿਲਾਂ ਦੀ ਧੜਕਨ ਬਣਦਾ ਜਾ ਰਿਹਾ – ਮਹਿੰਦਰ ਸੂਦ ਵਿਰਕ

ਵਰਲਡ ਪੰਜਾਬੀ ਟਾਈਮਜ਼ ਅਸ਼ੋਕ ਸ਼ਰਮਾ

ਫ਼ਗਵਾੜਾ 02 ਦਸੰਬਰ : ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 30 ਨਵੰਬਰ 2025 ਦਿਨ ਐਤਵਾਰ ਨੂੰ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕਵੀ ਰਜਨੀ ਵਾਲੀਆ (ਕਪੂਰਥਲਾ), ਅਮਰਜੀਤ ਨੀਰ ਪਿੰਡ ਚੱਕ ਤਾਮਕੋਟ (ਨਾਨੂੰਵਾਲਾ), ਪਵਨ ਕੁਮਾਰ ਹੋਸ਼ੀ, ਜਸਵੀਰ ਸ਼ਰਮਾ ਦੱਦਾਹੂਰ (ਸ੍ਰੀ ਮੁਕਤਸਰ ਸਾਹਿਬ) ਅਤੇ ਸਿਆਣ ਭੁਪਿੰਦਰ ਸਿੰਘ ਸ਼ਾਮਿਲ ਹੋਏ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਰਜਨੀ ਵਾਲੀਆ ਅਤੇ ਅਮਰਜੀਤ ਨੀਰ ਕਵਿਤਾਵਾਂ ਸੁਣਾ ਕੇ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਪਵਨ ਕੁਮਾਰ ਹੋਸ਼ੀ ਅਤੇ ਜਸਵੀਰ ਸ਼ਰਮਾ ਦੱਦਾਹੂਰ ਨੇ ਸੇਧ ਵਰਧਕ ਕਵਿਤਾਵਾਂ ਪੇਸ਼ ਕੀਤੀਆਂ। ਸਿਆਣ ਭੁਪਿੰਦਰ ਸਿੰਘ ਨੇ ਵੀ ਨਜ਼ਮਾਂ ਨਾਲ ਖੂਬ ਸਮਾਂ ਬੰਨਿਆ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਅਖੀਰ ਸੰਚਾਲਕ ਸੂਦ ਵਿਰਕ ਨੇ ਆਪਣੀ ਮੌਲਿਕ ਕਵਿਤਾ "ਜ਼ਿੰਦਗੀ ਦਾ ਅਨੰਦ ਖੂਬ ਮਾਣ ਮਿੱਤਰਾ" ਦੇ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ।



# ਇੱਕ ਯਾਦਗਾਰ ਯਾਤਰਾ: ਅੱਖੀਂ ਡਿੱਠਾ ਪੰਜਾਬ ਵਿਧਾਨ ਸਭਾ ਦਾ ਵਿਦਿਆਰਥੀ ਸੈਸ਼ਨ

ਵਰਲਡ ਪੰਜਾਬੀ ਟਾਈਮਜ਼
ਹਰਲੀਨ ਕੌਰ ਧਾਲੀਵਾਲ



ਪਿਛਲੇ ਕੁਝ ਦਿਨਾਂ ਤੋਂ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਵਿੱਚ ਪੰਜਾਬ ਵਿਧਾਨ ਸਭਾ ਦੇ ਵਿਦਿਆਰਥੀ ਸੈਸ਼ਨ ਬਾਰੇ ਚਰਚਾ ਪੜ੍ਹ ਸੁਣ ਕੇ ਮੇਰੇ ਮਨ ਵਿੱਚ ਵੀ ਇਸਨੂੰ ਵੇਖਣ ਦੀ ਉਤਸੁਕਤਾ ਪੈਦਾ ਹੋਈ। ਮੇਰੇ ਪਿਤਾ ਜੀ ਦੀ ਬਦੌਲਤ ਮੈਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ, ਜੋ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਆਯੋਜਿਤ ਕੀਤਾ ਗਿਆ ਸੀ।

ਪੰਜਾਬੀ ਸੂਬਾ ਬਣਨ ਉਪਰੰਤ ਪਹਿਲੀਵਾਰ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਰਾਜਧਾਨੀ ਚੰਡੀਗੜ੍ਹ ਤੋਂ ਬਾਹਰ ਆਯੋਜਿਤ ਕੀਤਾ ਗਿਆ। ਸਥਾਨ ਸੀ, ਸ਼੍ਰੀ ਅਨੰਦਪੁਰ ਸਾਹਿਬ ਵਿਖੇ ਭਗਤ ਜੈਤਾ ਜੀ ਮੈਮੋਰੀਅਲ ਪਾਰਕ। ਜਦੋਂ ਮੈਂ ਉਪਰੋਕਤ ਸਥਾਨ 'ਤੇ ਪਹੁੰਚੀ ਤਾਂ ਸਭ ਤੋਂ ਪਹਿਲਾਂ ਮਾਣਯੋਗ ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਜੀ ਨਾਲ ਮੁਲਾਕਾਤ ਹੋਈ। ਉਨ੍ਹਾਂ ਦੇ ਪ੍ਰੇਰਨਾ ਭਰੇ ਸ਼ਬਦਾਂ ਨੇ ਮੈਨੂੰ ਆਪਣੇ ਵਿਚਾਰ ਲਿਖਣ ਲਈ ਉਤਸ਼ਾਹਿਤ ਕੀਤਾ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਪੀਕਰ ਸਾਹਿਬ ਨੇ ਕਿਹਾ ਕਿ "ਅੱਜ ਦੇ ਵਿਦਿਆਰਥੀ ਕੱਲ੍ਹ ਦੇ ਮੁੱਖ ਮੰਤਰੀ, ਸਪੀਕਰ ਅਤੇ ਮੰਤਰੀ ਹਨ।" ਉਨ੍ਹਾਂ ਨੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਜੀ ਅਤੇ ਲੋਕਲ ਬਾਡੀਜ਼ ਮੰਤਰੀ ਡਾ. ਰਵਜੋਤ ਸਿੰਘ ਜੀ ਨਾਲ ਮਿਲ ਕੇ ਭਾਰਤ ਦੇ ਸਭ ਤੋਂ ਲੰਬੇ ਲਿਖਤੀ ਸੰਵਿਧਾਨ ਦੇ ਸੰਵਿਧਾਨ ਦਿਵਸ ਦੀ ਵਧਾਈ ਦਿੱਤੀ। ਸਪੀਕਰ ਸਾਹਬ ਨੇ ਕਿਹਾ ਕਿ ਅੱਜ ਮੌਜੂਦ ਵਿਦਿਆਰਥੀ ਪੰਜਾਬ ਦਾ ਭਵਿੱਖ ਹਨ ਅਤੇ ਅਧਿਆਪਕ, ਸਿੱਖਿਆ ਵਿਵਸਥਾ ਤੇ ਸਰਕਾਰੀ ਮੁਲਾਜ਼ਮ ਇਸ ਭਵਿੱਖ ਦੇ ਸਹਿਯੋਗੀ ਹਨ। ਉਨ੍ਹਾਂ ਨੇ ਪ੍ਰਸ਼ਾਸਨਿਕ ਸਟਾਫ ਦੀ ਸ਼ਲਾਘਾ ਕੀਤੀ ਕਿ ਉਨ੍ਹਾਂ ਨੇ ਆਮ ਸੈਸ਼ਨਾਂ ਨਾਲੋਂ ਵੀ ਵੱਧ ਉਤਸ਼ਾਹ ਨਾਲ ਪ੍ਰਬੰਧ ਕੀਤੇ। ਉਨ੍ਹਾਂ ਦੱਸਿਆ ਕਿ ਵਰਤਮਾਨ ਸਮੇਂ ਵਿੱਚ ਵਿਦਿਆਰਥੀ ਤੇ ਆਮ ਲੋਕਾਂ ਦੀ ਵਿਧਾਨ ਸਭਾ ਵਿੱਚ ਪਹੁੰਚ ਸੁਖਾਲੀ ਹੋਈ ਹੈ। ਮਾਣਯੋਗ ਸਪੀਕਰ ਨੇ ਵਿਦਿਆਰਥੀਆਂ ਨੂੰ ਸਮਝਾਇਆ ਕਿ ਰਾਜਨੀਤੀ ਹੀ ਤੈਅ ਕਰਦੀ ਹੈ ਕਿ ਸਸਤੀ ਸਿੱਖਿਆ, ਜ਼ੀਰੋ ਬਿਜਲੀ ਬਿੱਲ, ਲੋਕਾਂ ਦੀ ਪਹੁੰਚ ਵਿੱਚ ਦਵਾਈਆਂ ਤੇ ਪੰਜਾਬ ਦਾ ਰੋਡਮੈਪ ਕੀ ਹੋਵੇਗਾ। ਇਸ ਲਈ ਨੌਜਵਾਨਾਂ ਨੂੰ ਇਸ ਵਿੱਚ ਦਿਲਚਸਪੀ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਪ੍ਰੇਰਿਤ ਕੀਤਾ ਕਿ 'ਜੇ ਅੱਜ ਵੱਡਾ ਟੀਚਾ ਬਣਾਓਗੇ ਤਾਂ ਜ਼ਰੂਰ ਪੂਰਾ ਕਰੋਗੇ। ਹਮੇਸ਼ਾ ਉੱਚਾ ਤੇ ਵੱਡਾ ਟੀਚਾ ਰੱਖੋ।' ਉਨ੍ਹਾਂ ਦੀ ਖੁਸ਼ੀ ਸ਼ਬਦਾਂ ਵਿੱਚ ਬਿਆਨ ਨਹੀਂ ਕੀਤੀ ਜਾ ਸਕਦੀ ਸੀ।


ਬੱਚਿਆਂ ਦੀ ਹੌਂਸਲਾ ਅਫਜਾਈ ਲਈ ਲਈ ਉਨ੍ਹਾ ਨੇ ਐਲਾਨ ਕੀਤਾ ਕਿ 'ਵੋਟ ਚੋਰੀ' ਵਿਸ਼ੇ 'ਤੇ ਸਭ ਤੋਂ ਵਧੀਆ ਲੇਖ ਲਿਖਣ ਵਾਲੇ ਵਿਦਿਆਰਥੀਆਂ ਨੂੰ ਤਿੰਨ ਵਰਗਾਂ ਵਿੱਚ ਵੰਡ ਕੇ ਕ੍ਰਮਵਾਰ 51,000 ਰੁਪਏ, 21,000 ਅਤੇ 11,000 ਰੁਪਏ ਦੇ ਨਕਦ ਇਨਾਮ ਦਿੱਤੇ ਜਾਣਗੇ। ਇਸ ਮੌਕੇ ਵਿਧਾਨ ਸਭਾ ਸੈਕਟਰੀ ਰਾਮ ਲੋਕ ਖਟਾਨਾ ਜੀ ਸਮੇਤ ਹੋਰ ਵਿਧਾਨ ਸਭਾ ਸਟਾਫ ਦੁਆਰਾ ਸਪੀਕਰ, ਡਿਪਟੀ ਸਪੀਕਰ, ਮੰਤਰੀ ਸਥਾਨਕ ਸਰਕਾਰਾਂ ਅਤੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨੂੰ ਯਾਦਗਾਰੀ ਸਨਮਾਨ ਦਿੱਤੇ ਅਤੇ ਵਿਦਿਆਰਥੀ ਮੌਕ ਸੈਸ਼ਨ ਸ਼ੁਰੂ ਹੋਇਆ। ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਵਿਦਿਆਰਥੀ ਸਪੀਕਰ ਨੇ ਸਦਨ ਦੀ ਕਾਰਵਾਈ ਪੂਰੀ ਨਿਪੁੰਨਤਾ ਨਾਲ ਚਲਾਈ। ਧੂਰੀ ਤੋਂ ਆਏ ਲੀਡਰ ਆਫ਼ ਹਾਊਸ ਦੀ ਭੂਮਿਕਾ ਵਾਲੇ ਵਿਦਿਆਰਥੀ ਨੇ ਵਿਰੋਧੀ ਧਿਰ ਨੂੰ ਮਜ਼ਬੂਤ ਜਵਾਬ ਦਿੱਤਾ। ਘਨੌਰੀ ਕਲਾਂ ਦੇ ਸਕੂਲ ਆਫ਼ ਐਮੀਨੈਂਸ ਦੇ ਹਰਿਕਮਲਦੀਪ ਸਿੰਘ ਨੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਜੀ ਦੀ ਭੂਮਿਕਾ ਵਿੱਚ ਸਾਰੇ ਸੈਸ਼ਨ ਦੌਰਾਨ ਤੱਥਾਂ ਨਾਲ ਵਿਰੋਧੀ ਧਿਰ ਦੇ ਹਮਲਿਆਂ ਦਾ ਮੂੰਹ ਤੋੜ ਜਵਾਬ ਦਿੱਤਾ।

ਕੋਟਧੰਦਲ ਦੇ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਦੇ ਹਰਪ੍ਰੀਤ ਸਿੰਘ ਨੇ ਵਿਰੋਧੀ ਧਿਰ ਦੇ ਨੇਤਾ ਸ੍ਰ. ਪ੍ਰਤਾਪ ਸਿੰਘ ਬਾਜਵਾ ਜੀ ਦੀ ਭੂਮਿਕਾ ਵਿੱਚ ਪੰਜਾਬ ਨਾਲ ਸਬੰਧਤ ਕਈ ਮੁੱਦੇ ਚੁੱਕੇ ਅਤੇ ਬਹਿਸ ਵਿੱਚ ਹਿੱਸਾ ਲਿਆ। ਜੈਤੋ ਦੇ ਸਕੂਲ ਆਫ਼ ਐਮੀਨੈਂਸ ਦੇ ਜਗਮੰਦਰ ਸਿੰਘ ਨੇ ਸਪੀਕਰ ਸਾਹਿਬ ਦੀ ਭੂਮਿਕਾ ਬਹੁਤ ਹੁਨਰ ਨਾਲ ਨਿਭਾਈ ਅਤੇ ਸੱਤਾਧਾਰੀ ਤੇ ਵਿਰੋਧੀ ਧਿਰ ਵਿਚਕਾਰ ਝੜਪਾਂ ਸੁਲਝਾਉਂਦਿਆਂ ਦੋ ਵਾਰ ਸਦਨ ਮੁਲਤਵੀ ਵੀ ਕੀਤਾ। ਲੰਚ ਸਮੇਂ ਤੱਕ ਸਦਨ ਵਿੱਚ ਕਾਰਵਾਈ ਉਸ ਤਰ੍ਹਾਂ ਦੀ ਸੀ, ਜਿਸ ਤਰ੍ਹਾਂ ਦੀ ਰੌਲੇ-ਰੱਪੇ ਵਾਲੀ ਕਾਰਵਾਈ ਅਸੀਂ ਜਾਂ ਸਾਡੇ ਵੱਡੇ ਛੋਟੇ ਹੁਣ ਤੱਕ ਵੇਖਦੇ ਸੁਣਦੇ ਆਏ ਸਨ ਪਰ ਲੰਚ ਬ੍ਰੇਕ ਵੇਲੇ ਸਦਨ ਨੂੰ ਸੰਬੋਧਤ ਕਰਦਿਆਂ ਮਾਣਯੋਗ ਸਪੀਕਰ ਕੁਲਤਾਰ ਸਿੰਘ ਜੀ ਵੱਲੋ ਵਿਦਿਆਰਥੀਆਂ ਨੂੰ ਕਿਹਾ ਗਿਆ ਕਿ ਸੈਸ਼ਨ ਦਾ ਅਗਲਾ ਭਾਗ ਸੁਹਿਰਦਤਾ, ਅਨੁਸਾਸ਼ਨ ਅਤੇ ਉਸਾਰੂ ਬਹਿਸ ਜਿਸ ਦੀ ਲੋਕ ਤਵੱਕੋ ਕਰਦੇ ਹਨ, ਉਸ ਮੁਤਾਬਿਕ ਹੋਣਾ ਚਾਹੀਦਾ ਹੈ, ਜਿਸ ਦੌਰਾਨ ਮੁੱਦੇ ਅਤੇ ਉਹਨਾਂ ਦੇ ਯੋਗ ਹੱਲ ਲਈ ਪਵਿੱਤਰ ਸਦਨ ਦੀ ਵਰਤੋਂ ਹੋਵੇ। ਬਾਅਦ ਡੇਢ ਵਜੇ ਲੰਚ ਬ੍ਰੇਕ ਹੋਈ, ਜਿਸ ਦੌਰਾਨ ਮਾਣਯੋਗ ਸਪੀਕਰ ਕੁਲਤਾਰ ਸਿੰਘ, ਡਿਪਟੀ ਸਪੀਕਰ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਸਮੇਤ ਵਿਦਿਆਰਥੀ ਮੁੱਖ ਮੰਤਰੀ, ਵਿਦਿਆਰਥੀ ਸਪੀਕਰ, ਵਿਦਿਆਰਥੀ ਵਿਧਾਇਕਾਂ ਅਤੇ ਵਿਦਿਆਰਥੀ ਮੰਤਰੀਆਂ ਨੇ ਇਕੱਠਿਆਂ ਭੋਜਨ ਗ੍ਰਹਿਣ ਕੀਤਾ, ਇਸ ਦੌਰਾਨ ਵੇਖਣ ਵਿੱਚ ਆਇਆ ਕਿ ਆਏ ਹੋਏ ਸਮੂਹ ਵਿਦਿਆਰਥੀਆਂ, ਅਧਿਆਪਕਾ ਅਤੇ ਮਾਪਿਆਂ ਵੱਲੋਂ ਸਪੀਕਰ ਸਾਹਿਬ ਅਤੇ ਡਿਪਟੀ ਸਪੀਕਰ ਸਾਹਿਬ ਨਾਲ ਤਸਵੀਰਾਂ ਕਰਵਾਉਣ 'ਚ ਭਾਰੀ ਉਤਸ਼ਾਹ ਨਜ਼ਰ ਆਇਆ। ਇਸ ਉਪਰੰਤ ਸਦਨ ਦੀ ਅਗਲੀ ਕਾਰਵਾਈ ਆਰੰਭ ਹੋਈ, ਜਿਸ ਵਿਚ ਮਾਣਯੋਗ ਸਪੀਕਰ ਸਾਹਿਬ ਦੀ ਸੋਚ ਮੁਤਾਬਿਕ ਵਿਦਿਆਰਥੀ ਪੂਰੇ ਸੁਹਿਰਦ ਨਜ਼ਰ ਆਏ, ਜਿਸ ਦੌਰਾਨ ਸਿੱਖਿਆ ਅਤੇ ਸਿਹਤ ਪ੍ਰਣਾਲੀ, ਦਰਿਆਵਾਂ ਦੇ ਗੰਧਲੇ ਹੁੰਦੇ ਪਾਣੀ, ਨਹਿਰੀ ਪਾਣੀ, ਸੀਵਰੇਜ ਟਰੀਟਮੈਂਟ ਪਲਾਂਟਾਂ, ਸੀਡ ਪ੍ਰਬੰਧਨ, ਫ਼ਸਲੀ ਵਿਭਿੰਨਤਾ ਆਦਿ ਕਾਫ਼ੀ ਮਹੱਤਵਪੂਰਨ ਮੁੱਦੇ ਚੁੱਕੇ ਗਏ ਅਤੇ ਉਹਨਾ ਦੇ ਹੱਲ ਲਈ ਸਾਰਥਿਕ ਚਰਚਾ ਹੋਈ। ਵੈਸੇ ਤਾਂ ਹਿੱਸਾ ਲੈਣ ਵਾਲੇ ਸਾਰੇ ਹੀ ਵਿਦਿਆਰਥੀਆਂ ਨੇ ਆਪੋ-ਆਪਣੀ ਸਮਰੱਥਾ ਅਨੁਸਾਰ ਵਧੀਆ ਭੂਮਿਕਾ ਨਿਭਾਈ ਪਰ ਮੰਤਰੀ ਬਰਿੰਦਰ ਕੁਮਾਰ ਗੋਇਲ, ਮੰਤਰੀ ਲਾਲਜੀਤ ਸਿੰਘ ਭੁੱਲਰ, ਵਿਰੋਧੀ ਧਿਰ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਵਿਧਾਇਕ ਸੁਖ ਸਰਕਾਰੀਆ ਦਾ ਰੋਲ ਅਦਾ ਕਰਨ ਵਾਲੇ ਵਿਦਿਆਰਥੀ ਅਤੇ ਮੰਤਰੀ ਬਲਜੀਤ ਕੌਰ, ਅਨਮੋਲ ਗਗਨ ਮਾਨ ਅਤੇ ਡਾ. ਜੀਵਨਜੋਤ ਕੌਰ ਦਾ ਰੋਲ ਕਰਨ ਵਾਲੀਆ ਵਿਦਿਆਰਥਣਾਂ ਦਾ ਰੋਲ ਵੀ ਬੇਹੱਦ ਪਸੰਦ ਕੀਤਾ ਗਿਆ। ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਜੀ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਜੀ ਅਤੇ ਲੋਕਲ ਬਾਡੀਜ਼ ਮੰਤਰੀ ਡਾ. ਰਵਜੋਤ ਸਿੰਘ ਜੀ ਦੀ ਮੌਜੂਦਗੀ ਨੇ ਸਮਾਗਮ ਨੂੰ ਹੋਰ ਵੀ ਖਾਸ ਬਣਾ ਦਿੱਤਾ। ਹਾਲਾਂਕਿ ਮਾਣਯੋਗ ਮੁੱਖ ਮੰਤਰੀ ਸਾਹਿਬ ਸਮੇਤ ਬਾਕੀ ਮੰਤਰੀਆਂ ਅਤੇ ਵਿਧਾਇਕ ਸਹਿਬਾਨ ਦੀ ਮੌਜੂਦਗੀ ਇਹਨਾਂ ਪਲਾਂ ਨੂੰ ਹੋਰ ਵੀ ਵਧੀਆ ਬਣਾ ਸਕਦੀ ਸੀ, ਪਰ ਕੁੱਲ ਮਿਲਾ ਕੇ ਮੇਰਾ ਅਨੁਭਵ ਸ਼ਾਨਦਾਰ ਰਿਹਾ। ਮੈਂ ਵਿਧਾਨ ਸਭਾ ਦੀ ਕਾਰਵਾਈ, ਪ੍ਰਸ਼ਨ ਕਾਲ, ਜ਼ੀਰੋ ਕਾਲ ਅਤੇ ਨੌਜਵਾਨਾਂ ਦੀ ਭੂਮਿਕਾ ਬਾਰੇ ਬਹੁਤ ਕੁਝ ਸਿੱਖਿਆ। ਇਹ ਇਤਿਹਾਸਕ ਵਿਦਿਆਰਥੀ ਸੈਸ਼ਨ ਮੇਰੀ ਜ਼ਿੰਦਗੀ ਦਾ ਸਭ ਤੋਂ ਪ੍ਰੇਰਨਾਦਾਇਕ ਦਿਨ ਰਹੇਗਾ। ਨੌਜਵਾਨਾਂ ਦੇ ਪਾਰਲੀਮੈਂਟ ਸੈਸ਼ਨ ਵਾਂਗ ਭਵਿੱਖ ਵਿੱਚ ਇਸ ਤਰ੍ਹਾਂ ਦੇ ਉਪਰਾਲੇ ਨਿਰੰਤਰ ਜਾਰੀ ਰਹਿਣੇ ਚਾਹੀਦੇ ਹਨ।

ਤਸਵੀਰਾਂ- ਹਰਲੀਨ ਕੌਰ ਧਾਲੀਵਾਲ ਪਰ ਸ਼ਹਾਦਤਾਂ ਦੇ ਦਿਨ ਖੁਸ਼ੀ ਨਾ ਕੋਈ ਮਨਾਇਓ।।

# ਸੁਰਜੀਤ ਸਿੰਘ ਸਿਰੜੀ ਦਾ ਕਾਵਿ-ਸੰਗ੍ਰਹਿ 'ਮਿੱਟੀ ਕਰੇ ਸੁਆਲ' ਮਨੁੱਖੀ ਅਧਿਕਾਰਾਂ ਦਾ ਪ੍ਰਤੀਨਿਧ

ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ




ਸੁਰਜੀਤ ਸਿੰਘ ਸਿਰੜੀ ਦੇ ਦੋ ਕਾਵਿ-ਸੰਗ੍ਰਹਿ ਇੱਕ ਪੰਜਾਬੀ ਅਤੇ ਇੱਕ ਹਿੰਦੀ ਵਿੱਚ ਪ੍ਰਕਾਸ਼ਤ ਹੋ ਚੁੱਕੇ ਹਨ। 'ਮਿੱਟੀ ਕਰੇ ਸੁਆਲ' ਤੀਜਾ ਤੇ ਪੰਜਾਬੀ ਦਾ ਦੂਜਾ ਕਾਵਿ-ਸੰਗ੍ਰਹਿ ਹੈ। ਉਹ ਸੰਵੇਦਨਸ਼ੀਲ ਕਵੀ ਹੈ। ਸਮਾਜ ਵਿੱਚ ਵਾਪਰ ਰਹੀ ਹਰ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਘਟਨਾ ਜਦੋਂ ਉਸਦੀ ਮਾਨਸਿਕਤਾ ਨੂੰ ਕੁਰੇਦਦੀ ਹੈ ਤਾਂ ਫਿਰ ਉਹ ਆਪਣੀ ਕਲਮ ਦਾ ਸਹਾਰਾ ਲੈ ਕੇ ਕਵਿਤਾ ਲਿਖਕੇ ਆਪਣਾ ਮਨ ਹੌਲ਼ਾ ਕਰਦਾ ਹੈ। ਇਸ ਕਾਵਿ-ਸੰਗ੍ਰਹਿ ਵਿੱਚ ਉਸ ਦੀਆਂ 81 ਵੱਖ-ਵੱਖ ਵਿਸ਼ਿਆਂ ਵਾਲੀਆਂ ਰੰਗ-ਬਰੰਗੀਆਂ ਖੁਲ੍ਹੀਆਂ ਵਿਚਾਰ ਪ੍ਰਧਾਨ ਕਵਿਤਾਵਾਂ ਹਨ। ਸੁਰਜੀਤ ਸਿੰਘ ਸਿਰੜੀ ਕਿਸੇ ਇੱਕ ਧਾਰਾ ਨਾਲ ਜੁੜਿਆ ਹੋਇਆ ਕਵੀ ਨਹੀਂ ਹੈ, ਪ੍ਰੰਤੂ ਉਸ ਦੀਆਂ ਕਵਿਤਾਵਾਂ ਵੱਖੋ-ਵੱਖਰੇ ਰੰਗਾਂ ਦੀ ਦੀਆਂ ਮਹਿਕਾਂ ਖਿਲਾਰਦੀਆਂ ਹਨ। ਮੁੱਖ ਤੌਰ 'ਤੇ ਮਨੁੱਖੀ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਸ਼ੋਸ਼ਤ ਸਮਾਜ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦੀਆਂ ਹੋਈਆਂ, ਉਨ੍ਹਾਂ ਨੂੰ ਲਾਮਬੰਦ ਹੋਣ ਲਈ ਪ੍ਰੇਰਦੀਆਂ ਹਨ। ਕਿਸਾਨ ਅੰਦੋਲਨ, ਕਰੋਨਾ, ਵਿਰਾਸਤ ਦਾ ਹੇਜ, ਮਸ਼ੀਨੀਕਰਨ, ਸਥਾਪਤੀ ਵਿਰੁੱਧ ਵਿਦ੍ਰੋਹ, ਵਹਿਮ-ਭਰਮ, ਜ਼ਾਤ-ਪਾਤ, ਮਿਹਨਤ-ਮਜ਼ਦੂਰੀ, ਸੰਘਰਸ਼-ਜਦੋਜਹਿਦ, ਪੀੜਾਂ-ਦਰਦਾਂ, ਦੁੱਖ-ਸੁੱਖ, ਸਚਾਈ-ਬੁਰਾਈ, ਬੇਰੋਜ਼ਗਾਰੀ, ਮੁਹੱਬਤ-ਨਫ਼ਰਤ, ਭੁੱਖਮਰੀ ਆਦਿ ਦੀ ਬਾਤ ਪਾਉਂਦੀਆਂ ਹਨ। ਪੰਜ ਕਵਿਤਾਵਾਂ ਰਾਹੀਂ ਜ਼ਿੰਦਗੀ ਦੀ ਤ੍ਰਾਸਦੀ ਨੂੰ ਕਵਿਤਾ ਦਾ ਰੂਪ ਦੇ ਕੇ ਦੱਸਿਆ ਹੈ। ਮਾਤਾ-ਪਿਤਾ ਵੱਲੋਂ ਬੱਚਿਆਂ ਦੇ ਪਾਲਣ ਪੋਸਣ ਲਈ ਕੀਤੀ ਜਾਂਦੀ ਜਦੋਜਹਿਦ ਬਾਰੇ ਕਵੀ ਨੇ 10 ਕਵਿਤਾਵਾਂ ਲਿਖੀਆਂ ਹਨ। ਮਾਂ ਨੂੰ ਕਵੀ ਰੱਬ ਦਾ ਰੂਪ ਕਹਿੰਦਾ ਹੈ ਕਿਉਂਕਿ ਹਰ ਦੁੱਖ-ਸੁੱਖ ਦੀ ਸਹਾਈ ਹੁੰਦੀ ਹੈ। ਪਿਤਾ ਬਾਰੇ ਕਵਿਤਾ ਵਿੱਚ ਦੱਸਿਆ ਹੈ ਕਿ ਉਹ ਆਪਣੇ ਬੱਚਿਆਂ ਦੀ ਸਫ਼ਲਤਾ ਲਈ ਹਰ ਕਿਸਮ ਦੀ ਕੁਰਬਾਨੀ ਕਰਨ ਲਈ ਤਿਆਰ ਰਹਿੰਦਾ ਹੈ। ਇਸੇ ਤਰ੍ਹਾਂ ਯੁੱਧ ਦੇ ਦੁਖਾਂਤ ਸੰਬੰਧੀ ਕਵਿਤਾਵਾਂ ਲਿਖਦਿਆਂ ਸ਼ਾਇਰ ਨੇ ਲਿਖਿਆ ਹੈ, ਯੁੱਧ ਤਬਾਹੀ ਦਾ ਕਾਰਨ ਤਾਂ ਬਣਦਾ ਹੀ ਹੈ, ਪ੍ਰੰਤੂ ਜਿਹੜੇ ਲੋਕ ਬਚ ਜਾਂਦੇ ਹਨ, ਉਹ ਅਪੰਗ ਹੋ ਜਾਂਦੇ ਹਨ ਤੇ ਸਾਰੀ ਉਮਰ ਦੁੱਖ ਭੋਗਦੇ ਹੋਏ ਜ਼ਿੰਦਗੀ ਬਸਰ ਕਰਦੇ ਹਨ। 1947 ਵਿੱਚ ਦੇਸ ਦੀ ਵੰਡ ਦੇ ਘਾਤਕ ਨਤੀਜਿਆਂ ਨੂੰ ਵੀ ਸੰਵੇਦਨਸ਼ੀਲ ਢੰਗ ਨਾਲ ਕਵਿਤਾ ਦਾ ਰੂਪ ਦਿੱਤਾ ਹੈ। ਕਿਸ ਤਰ੍ਹਾਂ ਬੱਚੇ ਯਤੀਮ, ਇਸਤਰੀਆਂ ਵਿਧਵਾ, ਲੋਕ ਘਰੋਂ ਬੇਘਰ ਹੋਏ ਤੇ ਮੌਤ ਦਾ ਤਾਂਡਵ ਹੋਇਆ, ਪਾਣੀ ਵਾਲੀਆਂ ਨਦੀਆਂ ਲਹੂ ਦੀਆਂ ਨਦੀਆਂ ਵਿੱਚ ਬਦਲ ਗਈਆਂ, ਪ੍ਰੰਤੂ ਬੇਪ੍ਰਵਾਹ ਸਿਆਸਤਦਾਨਾਂ ਨੇ ਆਪੋ ਆਪਣੇ ਸਿੰਘਾਸਨ ਲਈ ਲੋਕਾਂ ਦੀ ਬਲੀ ਦੇ ਦਿੱਤੀ। ਮਜ਼ਬੀ ਤੰਗਦਿਲੀ ਨੇ ਨਫ਼ਰਤਾਂ ਦੇ ਬੀਜ ਬੀਜੇ ਤੇ ਨਹੁੰ-ਮਾਸ ਦੇ ਰਿਸ਼ਤੇ ਤਾਰ-ਤਾਰ ਹੋ ਗਏ। ਸੁਰਜੀਤ ਸਿੰਘ ਸਿਰੜੀ ਨੇ ਦਿੱਲੀ ਦੀਆਂ ਸਰਹੱਦਾਂ 'ਤੇ ਹੋਏ ਕਿਸਾਨ ਅੰਦੋਲਨ ਦੀ ਸਫ਼ਲਤਾ ਅਤੇ ਸਰਕਾਰਾਂ ਵੱਲੋਂ ਵਰਤੇ ਗਏ ਹੱਥ ਕੰਡਿਆਂ ਨੂੰ ਵੀ ਬਾਖ਼ੂਬੀ ਨਾਲ ਕਵਿਤਾਵਾਂ ਦਾ ਵਿਸ਼ਾ ਬਣਾਇਆ, ਜਿਸ ਵਿੱਚੋਂ ਪੰਜਾਬੀ ਕਿਸਾਨਾ, ਖੇਤ ਮਜ਼ਦੂਰਾਂ ਅਤੇ ਹਰ ਵਰਗ ਦੇ ਲੋਕਾਂ ਦੀ ਸ਼ਮੂਲੀਅਤ, ਏਕਤਾ ਅਤੇ ਬਹਾਦਰੀ ਦੀ ਝਲਕ ਪੈਂਦੀ ਹੈ। ਉਸਦੀ ਕਵਿਤਾ ਹੱਕ-ਸੱਚ ਲਈ ਖੜ੍ਹਨ ਵਾਸਤੇ ਵਿਰਾਸਤ ਤੋਂ ਮਿਲੀ ਅਗਵਾਈ ਮੁਕਾਬਲਾ ਕਰਕੇ ਇਨਸਫ਼ ਦੀ ਪ੍ਰਾਪਤੀ ਲਈ ਦ੍ਰਿੜ੍ਹਤਾ ਬਖ਼ਸ਼ਦੀ ਹੈ। ਆਪਣੇ ਅਸਤਿਤਵ ਨੂੰ ਬਰਕਰਾਰ ਰੱਖਣ ਲਈ ਜ਼ਾਤਾਂ-ਪਾਤਾਂ ਦੇ ਵਖਰੇਵਿਆਂ ਤੋਂ ਬਾਹਰ ਨਿਕਲਕੇ ਏਕਤਾ ਦਾ ਸਬੂਤ ਦੇਣ ਦੀ ਪ੍ਰੇਰਨਾ ਦਿੰਦੀ ਹੈ। ਉਹ ਇਹ ਵੀ ਮਹਿਸੂਸ ਕਰਦਾ ਹੈ ਕਿ ਜ਼ੋਰ-ਜ਼ਬਰਦਸਤੀ ਬਹੁਤੀ ਦੇਰ ਨਹੀ ਚਲਦੀ, ਮਾੜੇ ਸਮੇਂ ਤੋਂ ਬਾਅਦ ਹਮੇਸ਼ਾ ਚੰਗਾ ਸਮਾਂ ਆਉਂਦਾ ਹੈ, ਭਾਵ ਕਵੀ ਅਸ਼ਾਵਾਦੀ ਹੈ। ਕਾਵਿ-ਸੰਗ੍ਰਹਿ ਦੇ ਨਾਮ 'ਮਿੱਟੀ ਕਰੇ ਸੁਆਲ' ਸਿਰਲੇਖ ਵਾਲੀ ਕਵਿਤਾ 'ਮਾਂ' ਦੀ ਸੰਵੇਦਨਾ ਦਾ ਪ੍ਰਗਟਾਵਾ ਕਰਦੀ ਹੈ, ਭਾਵ ਮਾਂ ਸੁਆਲ ਕਰਦੀ ਹੈ ਕਿ ਇੱਕ ਪਾਸੇ ਤਾਂ ਉਸਨੂੰ ਸਿਰਜਣਹਾਰੀ ਦਾ ਖਿਤਾਬ ਦਿੱਤਾ ਜਾਂਦਾ ਹੈ ਤੇ ਦੂਜੇ ਪਾਸੇ ਉਸ ਉਪਰ ਜ਼ਿਆਦਤੀਆਂ ਦਾ ਅੰਬਾਰ ਮਰਦ ਸਮਾਜ ਖੜ੍ਹਾ ਕਰਦਾ ਹੈ। ਇਹ ਕਵਿਤਾ ਮਰਦਾਂ ਨੂੰ ਆਪਣੇ ਅੰਦਰ ਝਾਤੀ ਮਾਰਕੇ ਔਰਤ ਬਾਰੇ ਆਪਣਾ ਦ੍ਰਿਸ਼ਟੀਕੋਣ ਬਦਲਣ ਦੀ ਤਾਕੀਦ ਕਰਦੀ ਹੈ। ਕਰੋਨਾ ਕਾਲ ਦੌਰਾਨ ਥਾਲੀਆਂ ਵਜਾਉਣਾ ਤੇ ਮੋਮਬੱਤੀਆਂ ਲਗਾਉਣ ਦੇ ਪਖੰਡ ਦਾ ਪਰਦਾ ਫਾਸ਼ ਕਰਦਾ ਹੈ, ਕਿਉਂਕਿ ਲੋਕ ਤਾਂ ਭੁੱਖ ਪਿਆਸ ਨਾਲ ਤ੍ਰਾਹ-ਤ੍ਰਾਹ ਕਰ ਰਹੇ ਹਨ, ਸਰਕਾਰ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਪਖੰਡ ਕਰਕੇ ਲੋਕਾਂ ਦਾ ਧਿਆਨ ਮੁੱਖ ਮੁੱਦੇ ਤੋਂ ਬਦਲ ਰਹੀ ਹੈ। ਜ਼ਿਆਦਤੀਆਂ ਨੂੰ ਬਰਦਾਸ਼ਤ ਕਰਨ ਦੀ ਥਾਂ ਵਿਰੋਧ ਕਰਕੇ ਇਨਸਾਫ ਲੈਣ ਦੀ ਸਲਾਹ ਦਿੰਦਾ ਹੈ। ਮਿਹਨਤ ਜ਼ਿੰਦਗੀ ਬਦਲ ਸਕਦੀ ਹੈ। ਪਿੰਡਾਂ ਵਿੱਚੋਂ ਵੀ ਪੰਜਾਬੀ ਸਭਿਆਚਾਰ ਖ਼ਤਮ ਹੋ ਰਿਹਾ ਹੈ ਤੇ ਪਿੰਡ ਵੀ ਸ਼ਹਿਰ ਹੀ ਬਣ ਗਏ ਹਨ, ਗੰਦਗੀ ਦੇ ਢੇਰ ਲੱਗੇ ਹੋਏ ਹਨ, ਜ਼ਮੀਨਾ ਵਿਕ ਗਈਆਂ ਤੇ ਫੈਕਟਰੀਆਂ ਲੱਗ ਗਈਆਂ, ਮਾਲ ਬਣ ਗਏ, ਘਰਾਂ ਦੀ ਥਾਂ ਕਬੂਤਰਖਾਨੇ ਫਲੈਟ ਬਣ ਗਏ ਅਤੇ ਰੋਬਟਾਂ ਨੇ ਬੇਰੋਜ਼ਗਾਰੀ ਨੂੰ ਦਸਤਕ ਦੇ ਦਿੱਤੀ ਹੈ। ਵਿਕਾਸ ਦੀ ਥਾਂ ਵਿਨਾਸ਼ ਹੋ ਰਿਹਾ ਹੈ। ਇਨਸਾਨੀਅਤ ਪਰ ਲਾ ਕੇ ਉਡ ਗਈ, ਬੰਦਾ ਬੰਦੇ ਦਾ ਦੁਸ਼ਮਣ ਬਣ ਗਿਆ, ਜ਼ਿੰਦਗੀ ਰੰਗ ਤੋਂ ਬਦਰੰਗ ਹੋ ਕੇ ਰੇਤ ਦੀ ਤਰ੍ਹਾਂ ਕਿਰ ਰਹੀ ਹੈ। ਰੁੱਖਾਂ ਦੀ ਕਟਾਈ ਮਨੁੱਖਤਾ ਦੀ ਤਬਾਹੀ ਦਾ ਸੰਕੇਤ ਹੈ, ਸਫ਼ਲਤਾ ਲਈ ਮਿੱਟੀ ਨਾਲ ਮਿੱਟੀ ਹੋਣਾ ਤੇ ਨਿਸ਼ਾਨਾ ਨਿਸਚਤ ਕਰਨਾ ਪੈਂਦਾ ਹੈ, ਸਿੱਖੀ ਸਿਰੜ ਦਾ ਦੂਜਾ ਨਾਮ ਹੈ, ਪਰਵਾਸ ਰਿਸ਼ਤਿਆਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ।

ਸਮਾਜਿਕ ਸਰੋਕਾਰਾਂ ਤੋਂ ਇਲਾਵਾ ਸੁਰਜੀਤ ਸਿੰਘ ਸਿਰੜੀ ਨੇ ਲਗਪਗ 20 ਕਵਿਤਾਵਾਂ ਇਸ਼ਕ-ਮੁਸ਼ਕ ਤੇ ਪਿਆਰ-ਮੁਹੱਬਤ ਦੀਆਂ ਵੀ ਲਿਖੀਆਂ ਹਨ। 'ਇੱਕ ਕੁੜੀ ਦੇ ਨਾਂ' ਸਿਰਲੇਖ ਵਾਲੀ ਕਵਿਤਾ ਵਿੱਚ ਲਿਖਦਾ ਹੈ-

ਤੇਰਾ ਹਾਸਾ ਇਕ ਨਾਦ ਜੇਹਾ, ਛਾ ਜਾਵੇ ਜਿਵੇਂ ਵਿਸਮਾਦ ਜੇਹਾ।
ਹੁਲਾਰਾ ਦੇਵੇ ਪੌਣ ਪੁਰੀਏ ਨੀ, ਖਿੜ ਖਿੜ ਹਸਦੀ ਕੁੜੀਏ ਨੀ।
ਜੁਗ ਜੁਗ ਵਸਦੀ ਕੁੜੀਏ ਨੀ, ਪੌਣ ਤੱਤੀ ਨਾ ਕੋਈ ਛੋਹ ਜਾਵੇ।

ਸੁਰਜੀਤ ਸਿੰਘ ਸਿਰੜੀ ਦੀਆਂ ਕੁਝ ਕਵਿਤਾਵਾਂ ਸਿੰਬਾਲਿਕ ਹਨ। ਉਨ੍ਹਾਂ ਵਿੱਚੋਂ 'ਬੁੱਢਾ ਬਿਰਖ਼' ਕਵਿਤਾ ਵਿੱਚ ਰੁੱਖਾਂ ਦੀ ਕਟਾਈ ਦੇ ਇਨਸਾਨੀਅਤ ਨੂੰ ਨੁਕਸਾਨ ਬਾਰੇ ਦਰਸਾਇਆ ਗਿਆ ਹੈ, ਪ੍ਰੰਤੂ ਰੁੱਖ ਨੂੰ ਸਿੰਬਾਲਿਕ ਬਣਾਕੇ ਵਰਤਮਾਨ ਹਾਲਾਤ ਵਿੱਚ ਬਜ਼ੁਰਗਾਂ ਨਾਲ ਉਨ੍ਹਾਂ ਦੀਆਂ ਔਲਾਦਾਂ ਵੱਲੋਂ ਕੀਤੀ ਜਾ ਰਹੀ ਅਣਵੇਖੀ ਵਿਖਾਈ ਗਈ ਹੈ, ਕਿਉਂਕਿ ਬਜ਼ੁਰਗ ਲੋਕਾਈ ਦੀ ਵਿਰਾਸਤ ਹੁੰਦੇ ਹਨ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਸੁਰਜੀਤ ਸਿੰਘ ਸਿਰੜੀ ਨੂੰ ਅਜੇ ਹੋਰ ਮਿਹਨਤ ਕਰਨ ਤੇ ਕਾਵਿਮਈ ਕਵਿਤਾ ਲਿਖਣ ਦੀ ਲੋੜ ਹੈ।

128 ਪੰਨਿਆਂ, 160 ਰੁਪਏ ਕਮੀਤ ਵਾਲੀ ਇਹ ਕਾਵਿ ਸੰਗ੍ਰਹਿ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤਾ ਹੈ।

# ਨਿਮਰਤਾ ਤੋਂ ਗਿਆਨ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ




ਜਵਾਨੀ ਵਿੱਚ ਬੈਂਜਾਮਿਨ ਫਰੈਂਕਲਿਨ ਬਹੁਤ ਬੁੱਧੀਮਾਨ ਸੀ। ਪਰ ਉਸ ਵਿੱਚ ਥੋੜ੍ਹਾ ਜਿਹਾ ਹੰਕਾਰ ਵੀ ਸੀ। ਇੱਕ ਦਿਨ ਇੱਕ ਤਜਰਬੇਕਾਰ ਦੋਸਤ ਨੇ ਉਹਨੂੰ ਕਿਹਾ, "ਬੈਂਜਾਮਿਨ, ਤੇਰੇ ਬੋਲਾਂ ਵਿੱਚ ਅੱਗ ਹੈ, ਪਰ ਦੀਵੇ ਦੀ ਰੌਸ਼ਨੀ ਨਹੀਂ।"

ਫਰੈਂਕਲਿਨ ਨੇ ਹੈਰਾਨੀ ਨਾਲ ਪੁੱਛਿਆ, "ਇਸਦਾ ਕੀ ਮਤਲਬ ਹੈ?"

ਦੋਸਤ ਨੇ ਮੁਸਕਰਾਉਂਦੇ ਹੋਏ ਕਿਹਾ, "ਜਿਹੜਾ ਵਿਅਕਤੀ ਹਮੇਸ਼ਾ ਜਿੱਤਣ ਦੀ ਇੱਛਾ ਕਰਦਾ ਹੈ, ਉਹ ਹਾਰ ਜਾਂਦਾ ਹੈ। ਗਿਆਨ ਉਦੋਂ ਤੱਕ ਅਧੂਰਾ ਹੈ ਜਦੋਂ ਤੱਕ ਇਸ ਵਿੱਚ ਨਿਮਰਤਾ ਦਾ ਰੰਗ ਨਾ ਹੋਵੇ।"


ਫਰੈਂਕਲਿਨ ਨੇ ਇਸ ਗੱਲ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਫੈਸਲਾ ਕੀਤਾ ਕਿ ਉਸਨੂੰ ਆਪਣਾ ਰਵੱਈਆ ਬਦਲਣ ਦੀ ਲੋੜ ਹੈ। ਉਸਨੇ ਆਪਣੀ ਡਾਇਰੀ ਵਿੱਚ ਇੱਕ ਜੀਵਨ ਸਿਧਾਂਤ ਲਿਖਿਆ: "ਮੈਂ ਬੋਲਣ ਨਾਲੋਂ ਜ਼ਿਆਦਾ ਸੁਣਾਂਗਾ।" ਕੁਝ ਮਹੀਨਿਆਂ ਬਾਅਦ ਸੰਸਦ ਵਿੱਚ ਇੱਕ ਮਹੱਤਵਪੂਰਨ ਬੈਠਕ ਹੋ ਰਹੀ ਸੀ। ਬਹੁਤ ਸਾਰੇ ਆਗੂ ਉੱਚੀ-ਉੱਚੀ ਬੋਲ ਰਹੇ ਸਨ ਅਤੇ ਇੱਕ ਦੂਜੇ ਦੀ ਗੱਲ ਕੱਟ ਰਹੇ ਸਨ, ਪਰ ਕੋਈ ਵੀ ਹੱਲ ਨਹੀਂ ਲੱਭ ਸਕਿਆ। ਫਰੈਂਕਲਿਨ ਸਭ ਨੂੰ ਚੁੱਪਚਾਪ ਸੁਣਦਾ ਰਿਹਾ, ਫਿਰ ਬਹੁਤ ਸ਼ਾਂਤੀ ਨਾਲ ਬੋਲਿਆ, "ਜੇ ਅਸੀਂ ਸਾਰੇ ਇੱਕ ਦੂਜੇ ਦੀ ਗੱਲ ਸੁਣੀਏ, ਤਾਂ ਕੋਈ ਨਾ ਕੋਈ ਹੱਲ ਲੱਭ ਪਵੇਗਾ।" ਕਮਰੇ ਵਿੱਚ ਅਚਾਨਕ ਖਾਮੋਸ਼ੀ ਛਾ ਗਈ। ਪਹਿਲੀ ਵਾਰ ਲੋਕਾਂ ਨੇ ਉਸਦੇ ਸ਼ਬਦਾਂ ਵਿੱਚ ਡੂੰਘਾਈ ਨੂੰ ਮਹਿਸੂਸ ਕੀਤਾ।

ਬੈਠਕ ਤੋਂ ਬਾਅਦ ਇੱਕ ਨੇਤਾ ਉਸ ਕੋਲ ਆਇਆ ਅਤੇ ਕਿਹਾ, "ਅੱਜ ਮੈਨੂੰ ਸਮਝ ਆਇਆ ਕਿ ਸਭ ਤੋਂ ਮਜ਼ਬੂਤ ਆਵਾਜ਼ ਉਹ ਨਹੀਂ ਹੈ ਜੋ ਚੀਕਦੀ ਹੈ, ਸਗੋਂ ਉਹ ਹੈ ਜੋ ਸਮਝਾਉਂਦੀ ਹੈ।"

ਫਰੈਂਕਲਿਨ ਨੇ ਜਵਾਬ ਦਿੱਤਾ, "ਨਿਮਰਤਾ ਬੁੱਧੀ ਦਾ ਦਰਵਾਜ਼ਾ ਹੈ ਅਤੇ ਸੁਣਨਾ ਸਿੱਖਣ ਦਾ ਪਹਿਲਾ ਕਦਮ ਹੈ।"

# ਕੱਦੂਆਂ ਦੀ ਵੱਲ੍ਹ

ਵਰਲਡ ਪੰਜਾਬੀ ਟਾਈਮਜ਼
ਕਰਮਜੀਤ ਕੌਰ ਮੁਕਤਸਰ



ਸਾਡੇ ਕੰਧ ਸਾਂਝੀ ਗੁਆਂਢ ਵਿਚ ਰਹਿੰਦੇ ਭੈਣ ਜੀ ਰੁਪਿੰਦਰ ਕੌਰ ਨੇ ਆਪਣੇ ਪਾਰਕ ਵਿਚ ਕੱਦੂਆਂ ਦੇ ਬੀਜ ਬੀਜ ਦਿੱਤੇ। ਉਹਨਾਂ ਬੀਜਾਂ ਤੋਂ ਦਿਨਾਂ ਵਿਚ ਹੀ ਵੱਲ੍ਹਾਂ ਤਿਆਰ ਹੋ ਗਈਆਂ। ਉਹ ਵੱਲਾਂ ਵੱਡੀਆਂ ਹੋ ਕੇ ਸਾਡੀ ਸਾਂਝੀ ਕੰਧ ਉਪਰ ਫੈਲ ਗਈਆਂ। ਨਤੀਜੇ ਵਜੋਂ ਕੰਧ ਦੇ ਆਰ-ਪਾਰ ਹਰਿਆਲੀ ਨਜ਼ਰ ਆਉਂਣ ਲੱਗੀ। ਉਹਨਾਂ ਵੱਲ੍ਹਾਂ ਨੂੰ ਬਹੁਤ ਸਾਰੇ ਫੁੱਲ ਲੱਗੇ ਹੋਏ ਸਨ। ਹਰੀ ਹਰੀ ਵੱਲ ਉਪਰ ਚਿੱਟੇ ਚਿੱਟੇ ਫੁੱਲ ਦੇਖਣ ਨੂੰ ਵੀ ਬਹੁਤ ਸੋਹਣੇ ਲੱਗਦੇ ਸਨ। ਕੁਝ ਦਿਨਾਂ ਵਿਚ ਹੀ ਉਹਨਾਂ ਫੁੱਲਾਂ ਵਿਚ ਛੋਟੇ-ਛੋਟੇ ਕੱਦੂ ਨਜ਼ਰ ਆਉਣ ਲੱਗੇ। ਹੁਣ ਸਭ ਨੂੰ ਉਮੀਦ ਸੀ ਕਿ ਕੱਦੂ ਬਹੁਤ ਲੱਗਣਗੇ। ਪਰੰਤੂ ਉਹ ਕੱਦੂ ਦੋ ਚਾਰ ਦਿਨਾਂ ਬਾਅਦ ਹੀ ਪੀਲੇ ਪੈ ਜਾਂਦੇ ਸਨ। ਸਾਰਾ ਫਲ ਸੁੱਕ ਕੇ ਝੜ ਰਿਹਾ ਸੀ। ਇਹ ਦੇਖ ਕੇ ਮੇਰਾ ਮਨ ਵੀ ਬਹੁਤ ਦੁਖੀ ਹੋਇਆ। ਮੈਂ ਆਪਣੇ ਪਿੰਡੋਂ ਲਿਆਂਦੀ ਹੋਈ ਖਾਦ ਉਹਨਾਂ ਦੇ ਘਰ ਭਿਜਵਾ ਕੇ ਸੁਨੇਹਾ ਲਾਇਆ ਕਿ ਇਸ ਨੂੰ ਵੱਲ੍ਹਾਂ ਦੀ ਜੜ੍ਹ ਵਿਚ ਪਾ ਦਿਓ। ਭੈਣ ਜੀ ਨੇ ਉਸ ਖਾਦ ਨੂੰ ਮਾਲੀ ਤੋਂ ਵੱਲ੍ਹਾਂ ਦੀ ਜੜ੍ਹ ਵਿਚ ਪਵਾ ਦਿੱਤੀ। ਤੀਜੇ ਕੁ ਦਿਨ ਵੱਲ੍ਹਾਂ ਉਪਰ ਤੇਲੇ ਵਾਲੀ ਸਪਰੇਅ ਵੀ ਕਰਵਾਈ। ਪਰੰਤੂ ਸਾਨੂੰ ਕੋਈ ਫਰਕ ਨਜ਼ਰ ਨਹੀਂ ਆਇਆ।

ਖੈਰ! ਇਕ ਦਿਨ ਭੈਣ ਜੀ ਸਾਡੇ ਘਰ ਆਏ ਅਤੇ ਵੱਲ੍ਹਾਂ ਵੱਲ ਇਸ਼ਾਰਾ ਕਰਕੇ ਕਹਿਣ ਲੱਗੀ ਕਿ, "ਦਰਅਸਲ ਗੱਲ ਕੁਝ ਹੋਰ ਹੀ ਹੈ, ਜੋ ਆਪਾਂ ਨੂੰ ਅੱਜ ਤੱਕ ਨਹੀਂ ਸੀ ਪਤਾ।" ਅਜਿਹਾ ਕੀ ਹੈ ਭੈਣ ਜੀ? ਮੈਂ ਉਹਨਾਂ ਨੂੰ ਉਤਸੁਕਤਾ ਨਾਲ ਪੁੱਛਿਆ। ਭੈਣ ਜੀ ਆਪਣੇ ਮੱਧੂ ਮੱਖੀਆਂ ਨਹੀਂ ਹੈਗੀਆਂ ਇਸ ਕਰਕੇ ਸਾਰਾ ਫਲ ਸੁੱਕ ਜਾਂਦਾ ਹੈ। ਮੱਧੂ ਮੱਖੀ ਫੁੱਲਾਂ ਦਾ ਰਸ ਚੂਸਣ ਲਈ ਇਕ ਦੂਜੇ ਫੁੱਲ ਉਪਰ ਬੈਠਦੀ ਰਹਿੰਦੀ ਹੈ ਜਿਸ ਕਾਰਨ ਫਲ ਨੂੰ ਰਸ ਮਿਲਦਾ ਹੈ ਅਤੇ ਉਹ ਫਲ ਤਿਆਰ ਹੋ ਜਾਂਦਾ ਹੈ। ਪਰੰਤੂ ਆਪਣੇ ਅਜਿਹਾ ਨਾ ਹੋਣ ਕਾਰਨ ਸਾਰਾ ਫਲ ਝੜ ਰਿਹਾ ਹੈ। ਮੈਂ ਭੈਣ ਜੀ ਦੇ ਚਿਹਰੇ ਵੱਲ ਤੱਕ ਰਹੀ ਸੀ ਤੇ ਮੈਨੂੰ ਕੁਝ ਸਮਝ ਨਹੀਂ ਸੀ ਆਈ ਕਿ ਉਹ ਕਿ ਕਹਿ ਰਹੇ ਸਨ, "ਤੁਸੀਂ ਸ਼ਾਇਦ ਸਮਝੇ ਨਹੀਂ।" ਭੈਣ ਜੀ ਨੇ ਉਹਨਾਂ ਵੱਲ੍ਹਾਂ ਨੂੰ ਪ੍ਰੈਕਟੀਕਲ ਤਰੀਕੇ ਨਾਲ ਸਮਝਾਉਣਾ ਸ਼ੁਰੂ ਕੀਤਾ ਜਿਸ ਤਰ੍ਹਾਂ ਉਹ ਸਕੂਲ ਵਿਚ ਪੜ੍ਹਾਉਂਦੇ ਹਨ। ਉਹਨਾਂ ਨੇ ਆਪਣੇ ਹੱਥਾਂ ਨਾਲ ਮੈਨੂੰ ਵੱਲ੍ਹਾਂ ਦੀ ਜਾਣਕਾਰੀ ਕਰਵਾਉਂਦੇ ਹੋਏ ਕਿਹਾ ਕਿ ਇਸ ਵਿਚ ਇਕ ਨਰ ਵੱਲ੍ਹ ਹੈ ਜੋ ਬਿਲਕੁਲ ਸਿੱਧੀ ਅਤੇ ਮੋਟੀ ਹੈ। ਉਸ ਵੱਲ੍ਹ ਉਪਰ ਕੇਵਲ ਇਕ ਚਿੱਟਾ ਫੁੱਲ ਲੱਗਿਆ ਹੋਇਆ ਸੀ। ਉਸ ਵੱਲ੍ਹ ਦੇ ਨਾਲ ਹੀ ਜੁੜੀ ਹੋਈ ਇਕ ਮਾਦਾ ਵੱਲ੍ਹ ਸੀ ਜੋ ਦੇਖਣ ਨੂੰ ਪਤਲੀ ਤੇ ਟੇਢੀ ਸੀ। ਮਾਦਾ ਵੱਲ ਉਪਰ ਇਕ ਛੋਟਾ ਜਿਹਾ ਕੱਦੂ ਲੱਗਿਆ ਹੋਇਆ ਸੀ। ਉਸ ਛੋਟੇ ਕੱਦੂ ਉਪਰ ਵੀ ਚਿੱਟੇ ਰੰਗ ਦਾ ਨਿੱਕਾ ਜਿਹਾ ਫੁੱਲ ਸੀ। ਭੈਣ ਜੀ ਨੇ ਨਰ ਵੱਲ ਤੋਂ ਫੁੱਲ ਤੋੜ ਕੇ ਉਸ ਦੇ ਰਸ ਨੂੰ ਮਾਦਾ ਵੱਲ੍ਹ ਉਪਰ ਲੱਗੇ ਫੁੱਲ ਨੂੰ ਛੂਹਾ ਦਿੱਤਾ ਉਹਨਾਂ ਨੇ ਇਸ ਪ੍ਰੀਕਿਰਿਆ ਨੂੰ ਕਈ ਥਾਂਈ ਦੁਹਰਾਇਆ। ਉਹਨਾਂ ਮੁਸਕਾਉਂਦੇ ਹੋਏ ਕਿਹਾ ਬੱਸ ਦੇਖਦੇ ਜਾਵੋ ਇਹ ਕੱਦੂ ਚਾਰ ਪੰਜ ਦਿਨਾਂ ਵਿਚ ਤਿਆਰ ਹੋ ਜਾਣਗੇ। ਮੈਂ ਆਪਣੇ ਪਾਸੇ ਵੀ ਅਜਿਹਾ ਪ੍ਰੈਕਟੀਕਲ ਕਰਕੇ ਦੇਖਿਆ। ਉਹਨਾਂ ਹੱਸਦੇ ਹੋਏ ਕਿਹਾ ਚਲੋ ਜੀ ਮੈਂ ਚੱਲਦੀ ਹਾਂ ਏਨਾ ਕਹਿ ਕਿ ਉਹਨਾਂ ਨੇ ਆਪਣੇ ਘਰ ਜਾਣ ਦੀ ਇਜਾਜਤ ਮੰਗ ਲਈ। ਉਹ ਤਾਂ ਮੈਨੂੰ ਅਜਿਹਾ ਸਮਝਾ ਕੇ ਚਲੇ ਗਏ ਪਰ ਮੇਰੀ ਨਜ਼ਰ ਹੁਣ ਫਿਰ ਕੱਦੂਆਂ ਦੀ ਵੱਲ੍ਹ ਉਪਰ ਟਿਕ ਚੁੱਕੀ ਸੀ। ਮੈਂ ਬੇਸਬਰੀ ਨਾਲ ਕੱਦੂਆਂ ਨੂੰ ਵੱਡਾ ਹੁੰਦਾ ਦੇਖਣਾ ਚਾਹੁੰਦੀ ਸੀ। ਅਗਲੇ ਦਿਨ ਹੀ ਮੈਨੂੰ ਉਹਨਾਂ ਕੱਦੂਆਂ ਵਿਚ ਕਿਨਕਾ ਮਾਤਰ ਫਰਕ ਨਜ਼ਰ ਆਇਆ। ਸੱਚਮੁੱਚ ਉਹ ਕੱਦੂ ਪੰਜ-ਸਤ ਦਿਨਾਂ ਵਿਚ ਹੀ ਸਬਜੀ ਬਣਾਉਣ ਦੇ ਯੋਗ ਹੋ ਗਏ। ਮੈਂ ਸੋਚ ਰਹੀ ਸੀ ਕਿ ਜੇਕਰ ਇਹਨਾਂ ਵੱਲ੍ਹਾਂ ਦੇ ਲੱਗੇ ਹੋਏ ਕੱਦੂ ਰੂਪੀ ਫਲ ਨੂੰ ਵਧਣ ਫੁੱਲਣ ਲਈ ਆਪਣੇ ਮਾਤਾ-ਪਿਤਾ ਦੇ ਸਹਿਯੋਗ ਦੀ ਜਰੂਰਤ ਹੈ ਤਾਂ ਮਨੁੱਖੀ ਖੇਤਰ ਵਿਚ ਬੱਚਿਆਂ ਨੂੰ ਕਿੰਨੀ ਕੁ ਹੋਵੇਗੀ? ਇਹ ਆਪਣੇ ਆਪ ਵਿਚ ਇਕ ਬਹੁਤ ਵੱਡਾ ਸਵਾਲ ਹੈ। ਇਸ ਦਾ ਅੰਦਾਜਾ ਸਹਿਜੇ ਹੀ ਲਗਾ ਸਕਦੇ ਹਾਂ। ਮਾਪਿਆ ਦੇ ਸਹਿਯੋਗ ਵਿਚ ਕਿਸੇ ਇਕ ਜਣੇ ਦੇ ਪ੍ਰੇਮ ਤੋਂ ਵਾਂਝੇ ਬੱਚੇ ਦੀ ਮਾਨਸਿਕਤਾ ਉਪਰ ਕਿੰਨਾ ਬੁਰਾ ਪ੍ਰਭਾਵ ਪੈਂਦਾ ਹੋਵੇਗਾ। ਜਿਸ ਦਾ ਘਾਟਾ ਪੂਰੀ ਜ਼ਿੰਦਗੀ ਪੂਰਾ ਨਹੀਂ ਹੋ ਸਕਦਾ। ਏਨਾ ਸੋਚਾਂ ਵਿਚ ਡੁੱਬੀ ਹੋਈ ਮੈਂ ਕਦੇ ਵੱਲ੍ਹਾਂ ਵੱਲ ਤੱਕ ਰਹੀ ਸੀ ਅਤੇ ਕਦੇ ਉਹਨਾਂ ਉਪਰ ਲੱਗੇ ਹੋਏ ਕੱਦੂਆਂ ਵੱਲ....।